ਅਗਸਤ 1987
ਮੁੱਲ--ਦੋ ਰੁਪਏ
87

## ਇਸ ਅੰਕ ਦਾ ਵਿਸ਼ੇਸ਼ ਨਾਟਕ

੦ ਚੁਣੀ ਹੋਈ ਸਰਕਾਰ ਦੇ ਉਲਟ ਗਵਰਨਰੀ ਰਾਜ ਹਮੇਸ਼ਾ ਬਿਊਰੋਕਰੇਸੀ ਦਾ ਰਾਜ ਹੁੰਦਾ ਹੈ, ਜਿਸਦਾ ਲੋਕਾਂ ਦੇ ਦੁਖਾਂ ਸੁਖਾਂ ਨਾਲ ਕੋਈ ਨੇੜੇ ਦਾ ਸਰੋਕਾਰ ਨਹੀਂ ਹੁੰਦਾ। ਇਸ ਵਾਰ ਪੰਜਾਬ ਵਿਚ ਗਵਰਨਰੀ ਰਾਜ ਪਹਿਲੇ ਵਾਲੇ ਗਵਰਨਰੀ ਰਾਜ ਵਾਕੁਨ ਨਹੀਂ। ਇਹ ਇਕ ਪੁਲਸ ਦਾ ਰਾਜੁ ਹੈ, ਜਿਸ ਵਿਚ ਇਕ ਪੁਲਸ ਅਧਿਕਾਰੀ ਨੂੰ ਡਿਕਟੇਟਰਾਨਾ ਤਾਕਤ ਦਿੱਤੀ ਗਈ ਹੈ। ਇਹ ਪੁਲਸ ਅਧਿਕਾਰੀ ਬਹਾਦਰ ਹੋ ਸਕਦਾ ਹੈ, ਨਿੱਡਰ ਹੋ ਸਕਦਾ ਹੈ, ਦਲੇਰ ਹੋ ਸਕਦਾ ਹੈ। ਪਰ ਜ਼ਰੂਰੀ ਨਹੀਂ ਕਿ ਉਹ ਇਕ ਸਿਆਣਾ ਪ੍ਰਬੰਧਕ ਵੀ ਹੋਵੇ। ਉਹਦੀਆਂ ਗਲਤ ਪ੍ਰਬੰਧਕੀ ਨੀਤੀਆਂ ਪੰਜਾਬ ਦੇ ਭਾਈਚਾਰੇ ਦਾ ਸਦੀਵੀ ਨੁਕਸਾਨ ਕਰ ਸਕਦੀਆਂ ਹਨ।

੦ ਅਤਿਵਾਦ ਖਤਮ ਕਰਨ ਦੇ ਪੱਜ ਵਿਚ ਲੋਕਾਂ ਦੇ ਸਾਰੇ ਜਮਹੂਰੀ ਹੱਕ ਖਤਮ ਕਰ ਦਿੱਤੇ ਗਏ ਹਨ। ਪੰਜਾਬ ਦੇ ਲੋਕ ਆਪਣੇ ਹੀ ਘਰ ਵਿੱਚ ਕੈਦੀਆਂ ਵਾਕੁਨ ਮਹਿਸੂਸ ਕਰ ਰਹੇ ਹਨ। ਇਹ ਅਤਿਵਾਦ ਦਾ ਖਾਤਮਾ ਨਹੀਂ ਸਗੋਂ ਉਹਦੀਆਂ ਜੜ੍ਹਾਂ ਪੱਕੀਆਂ ਕਰਨਾਂ ਸਿੱਧ ਹੋਵੇਗਾ।

੦ ਇਹ ਗਵਰਨਰੀ ਰਾਜ ਪੰਜਾਬ ਦੇ ਲੋਕਾਂ ਤੇ ਤਾਂ ਹੀ ਠੋਸਿਆ ਜਾ ਸਕਿਆ ਹੈ ਕਿ ਇਕ ਧਾਰਾ ਦੇ ਕੁਝ ਲੋਕਾਂ ਨੇ ਪ੍ਰੰਜਾਬ ਦੀਆਂ ਆਰਥਕ ਅਤੇ ਸਭਿਆਚਾਰਕ ਮੰਗਾਂ ਨੂੰ ਧਾਰਮਕ ਮੂਲਵਾਦ ਨਾਲ ਜੋੜ ਦਿੱਤਾ ਅਤੇ ਦਹਿਸ਼ਤਗਰਦੀ ਨੂੰ ਇਕ ਹਥਿਆਰ ਵਜੋਂ ਅਪਣਾਇਆ।

੦ ਕੇਂਦਰ ਦੀ ਸਰਕਾਰ ਵੱਲੋਂ ਪੰਜਾਬ ਮੱਸਲੇ ਬਾਰੇ ਅਪਣਾਈ ਗਈ ਬੇਰੁੱਖੀ ਨੇ ਪੰਜਾਬ ਵਿਚ ਦਹਿਸ਼ਤਗਰਦੀ ਲਈ ਜ਼ਰਖੇਜ਼ ਜ਼ਮੀਨ ਮੁਹੀਯਾ ਕੀਤੀ ਹੈ।

੦ ਕੇਂਦਰ ਨੇ ਇਹ ਨੀਤੀ ਕੋਈ ਅਣਜਾਣੇ ਵਿਚ ਨਹੀਂ ਅਪਣਾਈ ਸਗੋਂ ਇਹ ਇਕ ਸੋਚੀ ਸਮਝੀ ਚਾਲ ਹੈ। ਇਸ ਕਿਸਮ ਦੀਆਂ ਦਹਿਸ਼ਤ ਗਰਦੀ ਲਹਿਰਾਂ ਨੂੰ ਪਹਿਲੇ ਸ਼ਹਿ ਦੇਣੀ ਤੇ ਫੇਰ ਇਹਨਾਂ ਨੂੰ ਦਬਾਉਣ ਦੇ ਪੱਜ ਆਪਣੇ ਆਪਣੇ ਆਪ ਨੂੰ ਤਾਨਾਸ਼ਾਹੀ ਕਾਨੂੰਨਾਂ ਨਾਲ ਲੈਸ ਕਰਕੇ ਹਰ ਇਕ ਲੋਕ ਲਹਿਰ ਨੂੰ ਸਖਤੀ ਨਾਲ ਦਬਾਉਣਾ ਕੇਂਦਰੀ ਸਰਕਾਰ ਦਾ ਚਰਿਤਰ ਬਣ ਚੁਕਿਆ ਹੈ, ਇਸ ਨੀਤੀ ਨਾਲ ਉਹ ਆਪਣੀ ਸੰਕਟਮਈ ਸਰਕਾਰ ਦੀ ਉਮਰ ਲੰਮੇਰੀ ਕਰਨ ਦਾ ਉਪਰਾਲਾ ਕਰ ਰਹੀ ਹੈ, ਕਿਸੇ ਵੀ ਸਿਆਸੀ ਵਿਸ਼ਲੇਸ਼ਣ ਵਿਚ ਇਹ ਤੱਤ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

੦ ਗਵਰਨਰ ਸਾਹਿਬ ਜਦੋਂ ਬੜੇ ਜਜ਼ਬਾਤੀ ਹੋ ਕੇ ਤੇ ਅੱਖਾਂ ਵਿਚ ਅੱਥਰੂ ਲਿਆ ਕੇ ਇਹ ਕਹਿਣ ਕਿ ਅਤਿਵਾਦ ਵਿਰੁੱਧ ਸੰਘਰਸ਼ ਲਈ ਉਹਨਾਂ ਨੂੰ ਲੋਕਾਂ ਦੇ ਸਹਿਯੋਗ ਦੀ ਲੋੜ ਹੈ ਤਾਂ ਉਹਨਾਂ ਨੂੰ ਦੱਸਿਆ ਜਾਏ ਕਿ ਇਹ ਸਹਿਯੋਗ ਸਿਰਫ ਅਤਿਵਾਦ ਦੇ ਖਾਤਮੇ ਲਈ ਨਹੀਂ 'ਪੰਜਾਬ ਦੇ ਮੱਸਲੇ' ਦਾ ਸਿਆਸੀ ਹਲ ਲੱਭਣ ਲਈ ਮੰਗਿਆ ਜਾਏ, ਅਤਿਵਾਦ ਜਿਸਦਾ ਇਕ ਹਿੱਸਾ ਹੈ।

੦ ਅਤਿਵਾਦ ਨੂੰ ਆਪਣੇ ਹਿੱਤਾਂ ਲਈ ਬਾਹਰਲੀਆਂ ਸ਼ਕਤੀਆਂ ਵਰਤ ਸਕਦੀਆਂ ਹਨ, ਜਾਂ ਇਸਨੂੰ ਸ਼ਹਿ ਵੀ ਦੇ ਸਕਦੀਆਂ ਹਨ; ਪਰ ਇਹਦੀਆਂ ਜੜ੍ਹਾਂ ਪੰਜਾਬ ਵਿਚ ਹੀ ਲੱਭਣੀਆਂ ਚਾਹੀਦੀਆਂ ਹਨ। ਇਸ ਮੱਸਲੇ ਨੂੰ ਸਿਰਫ ਬਾਹਰ ਦੀਆਂ ਸ਼ਕਤੀਆਂ ਦੀ ਦੇਣ ਕਹਿਕੇ ਆਪਣੀ ਜ਼ਿੰਮੇਵਾਰੀ ਤੋਂ ਟਾਲਾ ਵੱਟਣਾ ਹੈ।

੦ ਦਹਿਸ਼ਤਗਰਦੀ ਦੀ ਹਰ ਇਕ ਗ਼ੈਰ ਮਨੁੱਖੀ ਹਰਕਤ ਦਾ ਬਿਨਾਂ ਕੋਈ 'ਪਰ' ਜਾਂ 'ਜੇਕਰ' ਦਾ ਸੰਬੋਧਨ ਵਰਤਿਆਂ ਕਰੜੇ ਤੋਂ ਕਰੜੇ ਸ਼ਬਦਾਂ ਵਿਚ ਨਿਖੇਧੀ ਹੋਣੀ ਚਾਹੀਦੀ ਹੈ। ਪਰ ਇਹ ਨਿਖੇਧੀ ਸਰਕਾਰੀ ਦ੍ਰਿਸ਼ਟੀਕੋਣ ਨਾਲ ਨਹੀਂ ਕੀਤੀ ਜਾਏ। ਲੋਕਾਂ ਦੀ ਜਾਨ ਅਤੇ ਮਾਲ ਦੀ ਰਖਿਆ ਕਰਨੀ ਸਰਕਾਰ ਦੀ ਜ਼ਿੰਮੇਵਾਰੀ ਹੈ। ਸਰਕਾਰ

ਦੀ ਇਸ ਫਰਜ਼ ਕੁਤਾਹੀ ਵਾਸਤੇ ਉਸ ਉਤੇ ਸਪੱਸ਼ਟ ਤੌਰ ਤੇ ਇਲਜ਼ਾਮ ਦੀ ਉਂਗਲੀ ਰਖੀ ਜਾਏ। ਲੋਕਾਂ ਦੇ ਜਮਹੂਰੀ ਹੱਕਾਂ ਨੂੰ ਕੁੱਚਲੇ ਬਗੈਰ ਸਰਕਾਰ ਜੇਕਰ ਇਹ ਫਰਜ਼ ਨਹੀਂ ਨਿਭਾ ਸਕਦੀ, ਤਾਂ ਉਸਨੂੰ ਸਰਕਾਰ ਕਹਾਉਣ ਦਾ ਕੋਈ ਹੱਕ ਨਹੀਂ।

o ਪੰਜਾਬ ਦਾ ਮੱਸਲਾ ਜੇਕਰ ਭਾਰਤ ਵਿਚ ਵਸਦੀ ਘੱਟ ਗਿਣਤੀ ਦੀ ਸਿੱਖ ਵੱਸੋਂ ਲਈ, ਅਣਖ ਨਾਲ ਜੀਣ ਦੇ ਹੱਕ ਨਾਲ ਜੁੜਿਆ ਹੈ ਤਾਂ ਇਹ ਹਿੰਦੂ ਵਸੋਂ ਲਈ, ਪੰਜਾਬ ਵਿਚ ਅਣਖ ਦੇ ਨਾਲ ਜੀਣ ਦੇ ਹੱਕ ਨਾਲ ਵੀ ਜੁੜਦਾ ਹੈ। ਦੋਨੋਂ ਫਿਰਕਿਆਂ ਦੇ ਇਸ ਹੱਕ ਨੂੰ ਵੱਖ ਵੱਖ ਕਰਕੇ ਦੇਖਣ ਨਾਲ ਮੱਸਲਾ ਹੱਲ ਨਹੀਂ ਹੋ ਸਕਦਾ।

o ਪੰਜਾਬ ਦੇ ਸਿਆਣੇ ਲੋਕ ਮਿਲਕੇ ਜਿੱਥੇ ਡੱਟਕੇ ਦਹਿਸ਼ਤਗਰਦੀ ਦਾ ਵਿਰੋਧ ਕਰਨ, ਉਹ ਲੋੜ ਪੈਣ ਤੇ ਸਮਝਾਊ ਮੁਹਿੰਮ ਚਲਾਉਣ ਤੋਂ ਵੀ ਗੁਰੇਜ਼ ਨਾ ਕਰਨ। ਕਥਿਤ ਦਹਿਸ਼ਤਗਰਦ ਕੋਈ ਅਸਮਾਨੋਂ ਨਹੀਂ ਡਿੱਗੇ। ਉਹ ਇਸ ਧਰਤੀ ਦੇ ਵਸਨੀਕ ਹਨ, ਇਥੋਂ ਦੇ ਹੀ ਜੰਮ ਪਲ ਹਨ, ਆਪਣੇ ਹੀ ਬੱਚੇ ਹਨ। ਕੁਝ ਕੁ ਨੂੰ ਛੱਡਕੇ (ਜਿਨ੍ਹਾਂ ਦੇ ਪ੍ਰੇਰਨਾ ਸਰੋਤ ਜਾਂ ਮੰਤਵਾਂ ਬਾਰੇ ਕੋਈ ਸਹੀ ਜਾਣਕਾਰੀ ਨਹੀਂ) ਬਹੁਤ ਸਾਰਿਆਂ ਨੂੰ ਸਖਤੀ ਅਤੇ ਪਿਆਰ ਦੋਨੋਂ ਤੌਰੀਕਿਆਂ ਨਾਲ ਸਮਝਾਕੇ ਵਾਪਸ ਮੁੱਖ ਧਾਰਾ ਵਿਚ ਲਿਆਇਆ ਜਾ ਸਕਦਾ ਹੈ। ਇਹ ਯਤਨ ਕਦੀ ਵੀ ਛੱਡਿਆ ਨਹੀਂ ਜਾਣਾ ਚਾਹੀਦਾ।

**ਇਹਨਾਂ ਵਿਚਾਰਾਂ ਤੇ ਆਧਾਰਤ ਗੁਰਸ਼ਰਨ ਸਿੰਘ ਦਾ ਨਵਾਂ ਨਾਟਕ 'ਰਾਜ ਸਾਹਬਾਂ ਦਾ' ਇਸ ਅੰਕ ਵਿੱਚ ਪੜ੍ਹੋ।**

**o ਮਿੱਤਰ ਸੈਨ ਮੀਤ** ਦੀ ਪੰਜਾਬ ਦੇ ਅਜੋਕੇ ਮੱਸਲੇ ਤੇ ਕਹਾਣੀ ਲਾਮ।

**o ਪੰਜਾਬ ਦੇ ਮੱਸਲੇ ਬਾਰੇ ਵਿਗਿਆਨਿਕ ਦ੍ਰਿਸ਼ਟੀ ਕੋਣ** ਅਪਣਾਉਣ ਬਾਰੇ ਅਤੇ **ਕਮਿਊਨਿਸ਼ਟ ਇਨਕਲਾਬੀਆਂ ਦੇ ਫ਼ਰਜ਼ਾਂ** ਬਾਰੇ ਪ੍ਰੋ. ਰਣਧੀਰ ਸਿੰਘ ਦੀ ਇਕ ਚਿੱਠੀ

o ਪਲੱਸ ਮੰਚ, ਇਨਕਲਾਬੀ ਕੇਂਦਰ, ਜੱਬਰ ਅਤੇ ਫਿਰਕਾ ਪ੍ਰਸਤੀ ਵਿਰੋਧੀ ਫਰੰਟ ਅਤੇ ਸ਼ਹੀਦੀ ਸਮਾਗਮਾਂ ਬਾਰੇ ਰੀਪੋਰਟਾਂ :

---

ਇਕ ਰਿਪੋਰਟ :

**ਪਲਸ ਮੰਚ ਦਾ ਸਾਲਾਨਾ ਸਮਾਗਮ** : 5 ਜੁਲਾਈ 1987 ਨੂੰ ਪੰਜਾਬੀ ਭਵਨ, ਲੁਧਿਆਨਾ ਵਿਚ ਸਫਲ-ਪੂਰਵ ਢੰਗ ਨਾਲ ਨੇਪਰੇ ਚੜ੍ਹਿਆ। ਪਿਛਲੇ ਸਾਲ ਦੇ ਕੰਮ ਉੱਤੇ ਘੋਖਵੀ ਨਜ਼ਰਸਾਨੀ ਕੀਤੀ ਗਈ। ਪ੍ਰਾਪਤੀਆਂ ਉੱਤੇ ਜਿੱਥੇ ਤਸੱਲੀ ਜ਼ਾਹਰ ਕੀਤੀ ਗਈ, ਉੱਥੇ ਜਥੇਬੰਦਕ ਘਾਟਾਂ ਵਲ ਵੀ ਧਿਆਨ ਦਵਾਇਆ ਗਿਆ। ਪਲਸ ਮੰਚ ਦੇ ਪ੍ਰਧਾਨ ਗੁਰਸ਼ਰਨ ਸਿੰਘ ਨੇ ਇਹ ਵਿਚਾਰ ਪੇਸ਼ ਕੀਤਾ ਕਿ ਜਦੋਂ ਕੋਈ ਸੰਸਥਾ ਖੜੀ ਕੀਤੀ ਜਾਂਦੀ ਹੈ ਤਾਂ ਮੁੱਢਲੇ ਸਾਲਾਂ ਵਿਚ ਨਾ ਤਜ਼ਰਬੇਕਾਰੀ ਕਰਕੇ ਕਈ ਘਾਟਾਂ ਰਹਿ ਹੀ ਜਾਂਦੀਆਂ ਹਨ ਜੋ ਆਉਣ ਵਾਲੇ ਸਮੇਂ ਵਿਚ ਦੂਰ ਕੀਤੀਆਂ ਜਾਂਦੀਆਂ ਹਨ। ਪਲਸ ਮੰਚ ਹੁਣ ਇਨਕਲਾਬੀ ਸਭਿਆਚਾਰ ਦੇ ਖੇਤਰ ਵਿਚ ਇਕ ਸਥਾਪਤ ਸੰਸਥਾ ਹੈ ਤੇ ਉਮੀਦ ਕੀਤੀ ਜਾਂਦੀ ਹੈ ਕਿ ਉਹ ਸਮੇਂ ਦੀਆਂ ਚਣੌਤੀਆਂ ਨੂੰ ਪੂਰੀ ਤਰ੍ਹਾਂ ਕਬੂਲ ਕਰੇਗੀ। ਅਗਲੇ ਸਾਲ ਲਈ ਹੇਠ ਲਿਖੇ ਅਹੁਦੇਦਾਰਾਂ ਦੀ ਚੋਣ ਸਰਬਸੰਮਤੀ ਨਾਲ ਕੀਤੀ ਗਈ। ਪ੍ਰਧਾਨ–ਅਮੋਲਕ ਸਿੰਘ, ਸਕੱਤ੍ਰ–ਸਬਜਿੰਦਰ ਕੇਦਾਰ, ਮੀਤ ਪ੍ਰਧਾਨ–ਡਾ. ਚਮਨ ਲਾਲ, ਮੀਤ ਸਕੱਤ੍ਰ–ਜ਼ੋਰਾ ਸਿੰਘ, ਵਿਤ ਸਕੱਤ੍ਰ–ਸੁਰਜੀਤ ਬਰਾੜ। ਕਾਰਜਕਾਰੀ ਕਮੇਟੀ : 5 ਉੱਤਲੇ ਨਾਂ ਅਤੇ ਮਹਿੰਦਰਪਾਲ ਲੋਹੀਆਂ, ਵਿਜੈ ਸਚਦੇਵਾ, ਹੰਸਾ ਸਿੰਘ, ਅਮਰਜੀਤ ਘਣਗਸ, ਕੇਵਲ ਧਾਲੀਵਾਲ, ਮਾਸਟਰ ਰਾਜ ਕੁਮਾਰ, ਭੈਣ ਸੁਮਨ, ਤਰਲੋਚਨ ਮਾਛੀਵਾੜਾ, ਜੈਮਲ ਅਤੇ ਨਰਿੰਦਰ ਸ਼ਰਮਾ। ਅਮੋਲਕ ਸਿੰਘ, ਮਹਿੰਦਰਪਾਲ ਲੋਹੀਆਂ, ਸੁਰਜੀਤ ਬਰਾੜ, ਡਾ. ਚਮਨ ਲਾਲ ਅਤੇ ਨਰਿੰਦਰਪਾਲ ਸ਼ਰਮਾ ਨੂੰ 'ਸਰਦਲ' ਸੰਪਾਦਕੀ ਮੰਡਲ ਵਿਚ ਸ਼ਾਮਲ ਕੀਤਾ ਗਿਆ। ਅਗਲੇ ਸਾਲ ਦੇ ਪ੍ਰੋਗਰਾਮ ਉਲੀਕਨ ਲਈ ਕਾਰਜਕਾਰੀ ਕਮੇਟੀ ਦੀ ਮੀਟਿੰਗ 26 ਜੁਲਾਈ ਨੂੰ ਹੋਣੀ ਮਿੱਥੀ ਗਈ ਹੈ। ਗ. ਸ.

---

ਇਕ ਰੀਪੋਰਟ :

**ਜਬਰ ਅਤੇ ਫਿਰਕਾ ਪ੍ਰਸਤੀ ਵਿਰੋਧੀ ਫਰੰਟ** : ਵਲੋਂ 10 ਜੁਲਾਈ 1987 ਮੋਗਾ ਵਿਖੇ, ਸੂਬਾ ਪੱਧਰ ਦੀ ਕਾਨਫਰੰਸ ਕੀਤੀ ਗਈ ਗਈ। ਪੰਜਾਬ ਦੇ ਸਾਰੇ ਪਾਸਿਓਂ ਕੋਈ 6000 ਦੀ ਗਿਣਤੀ ਵਿਚ ਫ਼ਰੰਟ ਦੇ ਵਰਕਰ ਤੇ ਸਾਧਾਰਨ ਲੋਕ, ਜਿਨ੍ਹਾਂ ਵਿਚ ਔਰਤਾਂ ਦੀ ਵੀ ਵੱਡੀ ਗਿਣਤੀ ਸੀ, ਉਥੇ ਇਕੱਠੇ ਹੋਏ। ਮੋਗੇ ਵਿਚ ਰੋਹ ਭਰਿਆ ਮਾਰਚ ਵੀ ਕੀਤਾ ਗਿਆ। ਖਾਲਸਤਾਨੀ ਅਤੇ ਹਕੂਮਤੀ ਜਬਰ ਵਿਰੁੱਧ ਇਹ ਵੱਡੀ ਪੱਧਰ ਤੇ ਲਾਮਬੰਦੀ ਪੰਜਾਬ ਦੀ ਜਮਹੂਰੀ ਅਤੇ ਸੈਕੂਲਰ ਲਹਿਰ ਲਈ ਇਕ ਉਤਸ਼ਾਹ ਜਨਕ ਘੱਟਨਾ ਸੀ। ਗ. ਸ.

(11 ਮਈ 1977, ਪੰਜਾਬ ਵਿਚ ਗਵਰਨਰੀ ਰਾਜ ਆਉਣ ਤੋਂ ਬਾਦ)

ਪਾਤਰ : ਵੱਡਾ ਸਾਹਬ, ਪੁਲਸ ਦਾ ਸਾਹਬ, ਥਾਨੇਦਾਰ, ਦੋ ਸਿਪਾਹੀ, ਢੰਡੋਰੇ ਵਾਲਾ, ਝੋਲੀ ਚੁੱਕ ਖੱਦਰ ਪੋਸ਼, ਪਿੰਡ ਦਾ ਬਜ਼ੁਰਗ, ਚੂਨੀ ਲਾਲ, ਜਿੰਦਰ, ਤਾਰਾ ਅਤੇ ਪਿੰਡ ਦੇ ਕੁਝ ਹੋਰ ਲੋਕ।

ਨਾਟਕ ਸ਼ੁਰੂ ਹੋਣ ਤੇ ਪਿੱਠ ਭੂਮੀ ਤੋਂ ਪਹਿਲੇ ਆਵਾਜ਼ ਆਉਂਦੀ ਹੈ 'ਰਾਜ ਸਾਹਬਾਂ ਦਾ' ਅਤੇ ਨਾਲ ਹੀ ਗੀਤ ਦੇ ਬੋਲ :

ਰਾਜ ਆਇਆ ਹੈ ਹੁਣ ਸਾਹਬਾਂ ਦਾ, ਚਰਚਾ ਇਹਦੀ ਚਾਰੇ ਕੂਟ ਮੀਆਂ
ਸੱਥਾ ਜੁੜੀਆਂ ਵਿਚ ਹੋਣ ਗੱਲਾਂ, ਦੇਖੋ ਬੈਠਦਾ ਕਰਵੱਟ ਕਿਹੜੀ ਹੈ ਊਠ ਮੀਆਂ

(ਮੰਚ ਤੇ ਇਕ ਢੰਡੋਰਚੀ ਢੰਡੋਰਾ ਦੇਂਦਾ ਆਂਦਾ ਹੈ, ਇਸ ਦਾ ਪਹਿਰਾਵਾ ਇਸ ਪ੍ਰਕਾਰ ਦਾ ਹੈ ਕਿ ਉਹ ਇਕ ਸਰਕਾਰੀ ਬੰਦਾ ਸਥਾਪਤ ਹੋ ਜਾਂਦਾ ਹੈ)

ਢੰਡੋਰਚੀ : ਸੁਣੋ, ਸੁਣੋ, ਸੁਣੋ, ਸਾਰੇ ਸੁਣੋ, ਕੰਨ ਖੋਲ੍ਹ ਕੇ ਸੁਣੋ, ਚੂਨੀ ਲਾਲ ਵੀ ਸੁਣੇ, ਸੇਵਾ ਸਿੰਘ ਵੀ ਸੁਣੇ ਤੇ ਸਾਰੇ ਇਲਾਕਾ ਨਿਵਾਸੀ ਸੁਣਨ। ਇਹ ਰੇਡੀਓ ਦੀ ਖਬਰ ਹੈ, ਇਹ ਟੈਲੀਵੀਜ਼ਨ ਦੀ ਖਬਰ ਹੈ, ਇਹ ਅਖਬਾਰ ਦੀ ਖਬਰ ਹੈ। ਉਹ ਸਰਕਾਰ ਖਤਮ ਹੋ ਗਈ ਹੈ, ਜੋ ਲੋਕਾਂ ਨੇ ਚੁਣੀ ਸੀ। ਹੁਣ ਸਾਹਬਾਂ ਦੀ ਸਰਕਾਰ ਆ ਗਈ ਹੈ, ਸਾਹਬ ਕੋਈ ਨੇੜੇ ਤੇੜੇ ਦੇ ਨਹੀਂ, ਇਹ ਸਾਹਬ ਧੁਰ ਪੂਰਬ ਤੋਂ ਆਇਆ ਹੈ, ਇਹ ਸਾਹਬ ਧੁਰ ਪੱਛਮ ਤੋਂ ਆਇਆ ਹੈ। ਸਮੁੰਦਰ ਦੇ ਕਿਨਾਰੇ ਤੋਂ ਆਇਆ ਹੈ, ਸਾਹਬ ਆ ਰਹੇ ਨੇ, ਉਹਨਾਂ ਦੇ ਸਵਾਗਤ ਲਈ ਇਕੱਠੇ ਹੋ ਜਾਓ। (ਇਸ ਢੰਡੋਰੇ ਦਰਮਿਆਨ ਪਿੰਡ ਦੇ ਕੁਝ ਲੋਕ ਇਕੱਠੇ ਹੋ ਗਏ ਹਨ, ਪੁਲਸ ਦਾ ਮਾਰਚਿੰਗ ਬੈਂਡ ਵੱਜਦਾ ਹੈ ਵੱਡਾ ਸਾਹਬ, ਜਿਸ ਦੇ ਆਲੇ-ਦੁਆਲੇ ਪੁਲਸ ਦੇ ਗਨਮੈਨ ਹਨ, ਇਕ ਖਾਸ ਅੰਦਾਜ਼ ਅਤੇ ਸ਼ਾਨ ਵਾਲੀ ਚਾਲ ਵਿਚ ਮੰਚ ਤੇ ਆਂਦਾ ਹੈ। ਅੱਗੇ ਅੱਗੇ ਇਕ ਖੱਦਰ ਪੋਸ਼ ਝੋਲੀ ਚੁੱਕ ਹੈ ਜੋ ਮਾਈਮ ਵਿਚ ਪਾਣੀ ਛਿੜਕਾਉਣ ਦਾ ਐਕਸ਼ਨ ਕਰਦਾ ਹੈ, ਜਿਸ ਤਰ੍ਹਾਂ ਕੋਈ ਪਵਿੱਤਰ ਸਵਾਰੀ ਆਉਂਦੀ ਹੋਵੇ। ਸਾਹਬ ਮੰਚ ਦਾ ਚੱਕਰ ਲਗਾਉਂਦਾ ਹੈ, ਇਕ ਉੱਚੇ ਥੜੇ ਤੇ ਆ ਖਲੋਂਦਾ ਹੈ। ਝੋਲੀ ਚੁੱਕ ਉਹਦੇ ਗਲੇ ਵਿਚ ਹਾਰ ਪਾਉਂਦਾ ਹੈ। ਆਪੇ ਤਾੜੀ ਵਜਾਂਦਾ ਹੈ। ਸਾਹਬ ਦੇ ਚਿਹਰੇ ਤੇ ਇਕ ਮਸਨੂਈ ਹਾਸੀ ਆਂਦੀ ਹੈ। ਝੋਲੀ ਚੁੱਕ ਸਵਾਗਤੀ ਗੀਤ ਗਾਉਂਦਾ ਹੈ। ਗੀਤ ਦੇ ਦਰਮਿਆਨ ਵਿਚੋਂ ਵਿਚ ਤਨਜ਼ੀਆ ਬੋਲ ਵੀ ਬੋਲੇ ਜਾਂਦੇ ਹਨ। ਕੋਈ ਅਮਲੀ ਜਾਂ ਕੋਈ ਹੋਰ ਬੋਲਦਾ ਹੈ।

ਝੋਲੀ ਚੁੱਕ : ਹਮ ਘਰ ਸਾਹਬ ਪਧਾਰੇ–2,
ਧੰਨ ਧੰਨ ਭਾਗ ਹਮਾਰੇ, ਹਮ ਘਰ ਸਾਹਬ ਪਧਾਰੇ,
ਆਓ ਇਨ੍ਹਾਂ ਗੱਲ ਪਾਈਏ ਹਾਰ–2
ਅੱਜ ਤੋਂ ਇਹ ਸਾਡੀ ਸਰਕਾਰ–2
ਇਹ ਸਾਡੀਆਂ ਖੁਸ਼ੀਆਂ ਦੇ ਤਾਰੇ

ਭੀੜ ਵਿਚੋਂ ਆਵਾਜ਼ : ਤੁਹਾਨੂੰ ਦਿਨੇ ਦਿਖਾਉਣਗੇ ਤਾਰੇ–
ਹਮ ਘਰ ਸਾਹਬ ਪਧਾਰੇ

ਝੋਲੀ ਚੁੱਕ : ਸਾਡੇ ਕਸ਼ਟ ਨਿਵਾਰਨਗੇ ਇਹ–2,
ਵਿਗੜੇ ਕਾਜ ਸਵਾਰਨਗੇ ਇਹ–2
ਕੁਝ ਕਰਨਗੇ ਸਾਡੇ ਬਾਰੇ, ਹਮ ਘਰ........

ਭੀੜ ਵਿਚੋਂ ਆਵਾਜ਼ਾਂ : ਭੰਨਣਗੇ ਹੱਡ ਤੁਮਾਰੇ,
ਹਮ ਘਰ ਸਾਹਬ ਪਧਾਰੇ

ਝੋਲੀ ਚੁੱਕ : ਫਸਲਾਂ ਦਾ ਨੁਕਸਾਨ ਜੋ ਹੋਇਆ,
ਭੁੱਬਾਂ ਮਾਰ ਕਿਸਾਨ ਜੋ ਰੋਇਆ
ਇਹ ਦੇਣਗੇ ਮੁਆਵਜ਼ੇ ਭਾਰੇ, ਹਮ ਘਰ......

ਭੀੜ ਵਿਚੋਂ ਆਵਾਜ਼ : ਇਹ ਸਭ ਇਹਨਾਂ ਦੇ ਲਾਰੇ,
ਹਮ ਘਰ ਸਾਹਬ ਪਧਾਰੇ,

ਝੋਲੀ ਚੁੱਕ : ਇਹਨਾਂ ਨੇ ਹੁਣ ਰਾਜ ਚਲਾਉਣਾ ਤੇ ਸਭ ਨੂੰ ਖੁਸ਼ਹਾਲ ਬਣਾਉਣਾ, ਮੁੱਕ ਜਾਣਗੇ ਦੁਖੜੇ ਸਾਰੇ,
ਹਮ ਘਰ ਸਾਹਬ ਪਧਾਰੇ

ਭੀੜ ਵਿਚੋਂ ਆਵਾਜ਼ : ਭੁੱਬਾਂ ਮਾਰਕੇ ਰੋਵੋਗੇ ਸਾਰੇ,
ਹਮ ਘਰ ਸਾਹਬ ਪਧਾਰੇ

ਪੁਲਸ ਮੈਨ ਦੀਆਂ ਘੁਰਕੀਆਂ ਦੇ ਥੱਲੇ ਸਾਰੇ ਬਹਿ ਜਾਂਦੇ ਹਨ। ਸਾਹਬ ਬੋਲਣਾ ਸ਼ੁਰੂ ਕਰਦਾ ਹੈ, ਝੋਲੀ ਚੁੱਕ ਦੁਭਾਸ਼ੀਏ ਵਾਂਗ ਅੱਗੋਂ ਉਹਦਾ ਤਰਜਮਾ ਕਰਕੇ ਦੱਸਦਾ ਹੈ

ਸਾਹਬ : ਅਮਨਾ ਤਮਨਾਂ ਮਿਲਛੇ ਖੁਸ਼ ਗੁਸ਼ ਹੋਸ਼ੇ

ਝੋਲੀ ਚੁੱਕ : ਸਾਹਬ ਕਹਿ ਰਹੇ ਨੇ, ਮੈਨੂੰ ਤੁਹਾਨੂੰ ਮਿਲਕੇ ਬੜੀ ਖੁਸ਼ੀ ਹੋਈ ਹੈ

ਭੀੜ ਵਿਚੋਂ ਇਕ : ਪਰ ਸਾਨੂੰ ਕੋਈ ਖੁਸ਼ੀ ਨਹੀਂ ਹੋਈ
(ਗੰਨਮੈਨ ਘੁਰਕੀ ਵੱਟਦਾ ਹੈ)

ਸਾਹਬ : ਮੋਸ਼ੇ ਤੋਸ਼ੇ ਸੇਵਾ ਮੇ ਆਏ ਸੇ

ਝੋਲੀ ਚੁੱਕ : ਸਾਹਬ ਕਹਿ ਰਹੇ ਨੇ, ਉਹ ਇਥੇ ਤੁਹਾਡੀ

ਸੇਵਾ ਲਈ ਆਏ ਨੇ

ਭੀੜ ਵਿਚੋਂ ਇਕ : ਤਾਂਹੀਓ ਤਾਂ ਬੰਦੂਕਾਂ ਵਾਲੇ ਨਾਲ ਲਿਆਏ ਨੇ (ਗੰਨਮੈਨ ਦੀ ਘੂਰਕੀ)।

ਸਾਹਬ : ਅਮਸ ਚਾਹਵਸ਼ ਚਾਰਸ਼ ਪਾਸ਼ਵ ਸ਼ਾਂਤੀ ਹੋਵਸ਼

ਝੋਲੀ ਚੁੱਕ : ਸਾਹਬ ਚਾਹੁੰਦੇ ਨੇ ਕਿ ਚਾਰੇ ਪਾਸੇ ਸ਼ਾਂਤੀ ਹੋਵੇ

ਭੀੜ ਵਿਚੋਂ ਇਕ : ਮਾਰ ਦਿਓ ਸਾਰਿਆਂ ਨੂੰ, ਆਪੇ ਸ਼ਾਂਤੀ ਹੋ ਜਾਏਗੀ (ਗੰਨਮੈਨ ਦੀ ਘੂਰਕੀ)

ਸਾਹਬ : ਕੁਸ਼ ਲੋਕਸ਼ ਦੇਗਸ਼ ਫਸਾਦਸ਼ ਕਰਸ਼

ਝੋਲੀ ਚੁੱਕ : ਕੁਝ ਲੋਕ ਇਥੇ ਦੰਗਾ ਫਸਾਦ ਕਰਨਾ ਚਾਹੁੰਦੇ ਨੇ

ਸਾਹਬ : ਅਮਨਾ ਉਹਨਾਂ ਲੋਕਸ਼ ਸੰਖਤੀਸ਼ ਦੁਬਾਵਸ-

ਝੋਲੀ ਚੁੱਕ : ਅਸੀਂ ਉਹਨਾਂ ਲੋਕਾਂ ਨੂੰ ਸਖਤੀ ਨਾਲ ਦਬਾ ਦੇਵਾਂਗੇ

ਭੀੜ ਵਿਚੋਂ ਇਕ : ਉਹ ਤਾਂ ਦਿੱਸਦਾ ਪਿਆ ਏ (ਗੰਨਮੈਨ ਦੀ ਘੂਰਕੀ)

ਸਾਹਬ : ਅਮਨਾ ਫੇਰਸ਼ ਕੇਵਸ਼ ਤੋਸ਼ੇ ਸੇਵਾ ਮੇ ਆਏ ਸ਼ੇ

ਝੋਲੀ ਚੁੱਕ : ਅਸੀਂ ਫੇਰ ਕਹਿਣੇ ਹਾਂ ਕਿ ਅਸੀਂ ਤੁਹਾਡੀ ਸੇਵਾ ਲਈ ਆਏ ਹਾਂ

ਸਾਹਬ : ਨਮਸ਼ਕਾਰ - (ਰੁੱਖੀ ਜਿਹੀ ਖਚਰੀ ਮੁਸਕਾਨ ਮੁਸਕਾਂਦੇ ਗੰਨਮੈਨਾਂ ਦੀ ਰਖਵਾਲੀ ਥੱਲੇ ਸਾਹਬ ਦਾ ਕਾਫਲਾ ਬਾਹਰ ਜਾਂਦਾ ਹੈ। ਲੋਕ ਉਹਨਾਂ ਦੀਆਂ ਪਿੱਠਾਂ ਵੱਲ ਵੇਖਦੇ ਹਨ ਤੇ ਫੇਰ ਵਾਪਸ ਆਕੇ ਸੱਥ ਵਿਚ ਬੈਠਦੇ ਹਨ। ਇਸ ਦੌਰਾਨ ਪਿੱਠ ਭੂਮੀ ਤੇ ਹੇਠ ਲਿਖੇ ਬੋਲ ਉਚੇ ਹਨ)

ਪਿਠ ਭੂਮੀ ਦੇ ਬੋਲ : ਲਾਮ, ਲੇਖ ਫੁੱਟੇ ਸਾਡੀ ਧਰਤੀ ਦੇ,
ਹੈ ਸਾਹਿਬਾਂ ਦਾ ਜੋ ਰਾਜ ਆਇਆ।
ਫਰਿਆਦ ਕਰਾਂਗੇ ਕਿਹੜੇ ਦਰ ਉਤੇ,
ਰਾਖੇ ਕਨੂੰਨ ਦਿਆਂ ਨੇ ਜ਼ੁਲਮ ਢਾਇਆ।

ਬਜ਼ੁਰਗ : ਇਹ ਸਾਹਬ ਕਿਉਂ ਆਏ ਨੇ ? ਤੁਸੀਂ ਕਦੇ ਸੋਚਿਐ ?

ਸੇਵਾ ਸਿੰਘ : ਇਹ ਉੱਤੇ ਵਾਲਿਆਂ ਦੀ ਸਾਜ਼ਸ ਏ।

ਬਜ਼ੁਰਗ : ਪਰ ਇਹ ਉਤੇ ਵਾਲੇ ਤਾਂ ਹੀ ਕਾਮਯਾਬ ਹੁੰਦੇ ਹਨ ਕਿਉਂਕਿ ਸਾਡਾ ਆਪਸ ਵਿਚ ਇਤਫ਼ਾਕ ਨਹੀਂ, ਅਸੀਂ ਗਲਤੀਆਂ ਕਰਦੇ ਹਾਂ

ਚੂਨੀ ਲਾਲ : ਹਾਂ ਤਾਇਆ, ਇਹਨਾਂ ਨੂੰ ਕੁਝ ਸਮਝਾ, ਭਲਾ ਇਹਨਾਂ ਦਾ ਕੀ ਹੱਕ ਏ ਕਿ ਇਹ ਸਾਨੂੰ ਹਮੇਸ਼ਾਂ ਧਮਕੀਆਂ ਦੇਂਦੇ ਰਹਿਣ, ਜਿਸ ਤਰ੍ਹਾਂ ਇਹ ਧਰਤੀ ਇਹਨਾਂ ਦੀ ਹੀ ਏ, ਅਸੀਂ ਇਹਦੇ ਕੁਝ ਨਹੀਂ ਲੱਗਦੇ,

ਸੇਵਾ ਸਿੰਘ : ਪਰ ਤਾਇਆ ਚੂਨੀ ਲਾਲ ਨੂੰ ਵੀ ਕੁਝ ਸਮਝਾ, ਕੀ ਇਹਨਾਂ ਨੂੰ ਇਹ ਸੋਭਦਾ ਏ ਕਿ ਜਿਸ ਧਰਤੀ ਤੇ ਰਹਿੰਦੇ ਹੋਣ, ਉਹਦੀ ਬੋਲੀ ਨਾ ਅਪਨਾਉਣ, ਉਹਦੇ ਸਭਿਆਚਾਰ ਦਾ ਮਖੌਲ ਉਡਾਉਣ

ਚੂਨੀ ਲਾਲ : ਇਹ ਗੱਲ ਗਲਤ ਏ ਤਾਇਆ, ਹੀਰ ਸਾਨੂੰ ਵੀ ਚੰਗੀ ਲੱਗਦੀ ਏ, ਭੰਗੜੇ ਅਸੀਂ ਵੀ ਪਾਂਦੇ ਹਾਂ, ਮੇਲਿਆਂ ਦੀ ਰੌਣਕ ਸਾਨੂੰ ਵੀ ਚੰਗੀ ਲੱਗਦੀ ਏ, ਗੁਰੂਆਂ ਦਾ ਅਸੀਂ ਵੀ ਸਤਿਕਾਰ ਕਰਦੇ ਹਾਂ

ਸੇਵਾ ਸਿੰਘ : ਫੇਰ ਬੋਲੀ ਲਿਖਵਾਉਣ ਵੇਲੇ ਕਿਉਂ ਮੌਤ ਪੈਂਦੀ ਸੀ ?

ਚੂਨੀ ਲਾਲ : ਮੌਤ ਇਸ ਲਈ ਪੈਂਦੀ ਸੀ ਕਿ ਤੁਸੀਂ ਬੋਲੀ ਨੂੰ ਧਰਮ ਨਾਲ ਨੱਥੀ ਕਰਦੇ ਸੀ।

ਸੇਵਾ ਸਿੰਘ : ਅਸੀਂ ਤਾਂ ਕੋਈ ਨਹੀਂ ਸੀ ਕਰਦੇ, ਤੁਹਾਨੂੰ ਤਾਂ ਐਵੇਂ ਆਪਣਾ ਡਰ ਖਾਈ ਜਾਂਦਾ ਏ। ਤਾਇਆ ਮਾਂਵਾਂ ਇਹਨਾਂ ਦੀਆਂ ਲੋਰੀ ਜਿਸ ਬੋਲੀ ਵਿਚ ਦੇਣ, ਇਹ ਉਸ ਬੋਲੀ ਤੋਂ ਵੀ ਮੁਨਕਰ ਹੋ ਜਾਣ, ਇਹਨਾਂ ਦਾ ਭਲਾ ਕੀ ਇਤਬਾਰ ?

ਚੂਨੀ ਲਾਲ : ਅਸੀਂ ਕਦੀ ਵੀ ਬੋਲੀ ਤੋਂ ਮੁਨਕਰ ਨਹੀਂ ਹੋਏ, ਪਰ ਇਸ ਗੱਲ ਤੋਂ ਜ਼ਰੂਰ ਮੁਨਕਰ ਹਾਂ ਕਿ ਬੋਲੀ ਕਿਸੇ ਇਕ ਧਰਮ ਨਾਲ ਜੁੜੀ ਹੁੰਦੀ ਹੈ, ਪਰ ਇਹਨਾਂ ਗੱਲਾਂ ਦੇ ਵਾਰ ਵਾਰ ਮਿਹਣੇ ਦੇਣ ਦਾ ਕੀ ਫਾਇਦਾ ? ਗੱਲ ਹੁਣ ਦੀ ਕਰੋ ਤੇ ਇਹ ਗੱਲ ਇਥੋਂ ਤਕ ਅਪੜੀ ਹੋਈ ਏ ਕਿ ਤੁਹਾਨੂੰ ਸਾਡਾ ਇਥੇ ਰਹਿਣਾ ਵੀ ਗਵਾਰਾ ਨਹੀਂ। ਮੁੰਡੇ ਤੁਹਾਡੇ ਸਾਡੇ ਬੂਹਿਆਂ ਤੇ ਧਮਕੀਆਂ ਲਿਖ ਲਿਖ ਕੇ ਜਾਂਦੇ ਨੇ ਕਿ ਆਪਣਾ ਘਰ ਬਾਰ ਛੱਡ ਦਿਓ ਨਹੀਂ ਤਾਂ ਗੱਡੀ ਚੜ੍ਹਾ ਦਿਆਂਗੇ। ਕਿਉਂ ਸਾਡਾ ਇਸ ਧਰਤੀ ਤੇ ਰਹਿਣ ਦਾ ਕੋਈ ਹੱਕ ਨਹੀਂ ?

ਸੇਵਾ ਸਿੰਘ : ਹੱਕ ਤਾਂ ਹੈਗਾ ਜੇਕਰ ਬੰਦਿਆਂ ਵਾਕੁਨ ਰਵੋ, ਇਸ ਧਰਤੀ ਨੂੰ ਆਪਣਾ ਕਹਿਕੇ ਰਵੋ।

ਚੂਨੀ ਲਾਲ : ਅਸੀਂ ਤਾਂ ਆਪਣਾ ਹੀ ਕਹਿ ਕੇ ਰਹਿੰਦੇ ਹਾਂ।

ਸੇਵਾ ਸਿੰਘ : ਫੇਰ ਅੱਡੀਆਂ ਚੁੱਕ ਚੁੱਕ ਕੇ ਉਤਾਂਹ ਵਲ ਕਿਉਂ ਦੇਖਦੇ ਹੋ ? ਇਹ ਸਾਹਬ ਦਾ ਰਾਜ ਤੁਹਾਡੇ ਕਹਿਣ ਤੇ ਆਇਆ ਏ।

ਚੂਨੀ ਲਾਲ : ਨਹੀਂ ਇਹ ਸਾਹਬਾਂ ਦਾ ਰਾਜ ਤੁਹਾਡੀਆਂ ਕਰਤੂਤਾਂ ਨੇ ਲਿਆਂਦਾ ਏ। ਭੂਤਰੇਪਨ ਦੀ ਵੀ ਕੋਈ ਹੱਦ ਹੁੰਦੀ ਏ। ਨਾਈ ਆਪਣੀਆਂ ਦੁਕਾਨਾਂ ਬੰਦ ਕਰ ਦੇਣ, ਦਰਜ਼ੀ ਪੈਂਟਾਂ ਨਾ ਸੀਣ, ਕੋਈ ਬਿੰਦੀ ਨਾ ਲਾਏ ਕੋਈ ਸਾੜ੍ਹੀ ਨਾ ਪਾਏ, ਕੋਈ ਸੁਰਖੀ ਨਾ ਲਾਏ।

ਸੇਵਾ ਸਿੰਘ : ਸਾਡੇ ਵੱਸ ਚਲਿਆ ਤਾਂ ਅਸੀਂ ਫੇਰ ਵੀ ਇਸਤਰ੍ਹਾਂ ਕਰਾਂਗੇ।

ਚੂਨੀ ਲਾਲ : ਤੇ ਫੇਰ ਸਾਹਬਾਂ ਦਾ ਰਾਜ ਵੀ ਆਂਦਾ ਰਹੇਗਾ, ਚੀਕਾਂ ਕਿਉਂ ਮਾਰਦੇ ਹੋ ?

ਸੇਵਾ ਸਿੰਘ : ਚੀਕਾਂ ਤੇ ਚੂਨੀ ਲਾਲਾ ਹਾਲੇ ਤੁਹਾਡੀਆਂ ਨਿਕਲਣੀਆਂ ਏ।

ਚੂਨੀ ਲਾਲ : ਸਾਡੀਆਂ ਤਾਂ ਜਿਹੜੀਆਂ ਨਿਕਲਣੀਆਂ ਸੂਨ, ਉਹ ਨਿਕਲ ਗਈਆਂ, ਮੇਰਾ ਫੁੱਟਾ ਭਰੂ ਜਵਾਨੀ ਵਿਚ ਤੁਸੀਂ ਮਾਰ ਦਿਤਾ, ਹੁਣ ਮਾਰ ਲਓ ਸਾਨੂੰ ਸਾਰਿਆਂ ਨੂੰ, ਜੇ ਇਹੋ ਚਾਹੁੰਦੇ ਜੇ ?

ਤਾਇਆ : ਚੁੱਪ ਕਰੋ, ਤੁਹਾਡੀ ਇਹੋ ਆਪਸੀ ਨਫਰਤ ਸਾਹਬਾਂ ਨੂੰ ਇਥੇ ਲਿਆਈ ਏ। ਮੱਤ ਭੁਲੋ ਸਾਹਬ ਜਦੋਂ ਆਉਂਦੇ ਨੇ, ਨਾਲ ਪੁਲਸ ਵੀ ਲਿਆਂਦੇ ਨੇ, ਫੌਜ ਵੀ ਲਿਆਂਦੇ ਨੇ।

ਅੱਲਾ ਸਿੰਘ : ਤੇ ਨਾਲ ਕੁੱਤੇ ਵੀ ਲਿਆਂਦੇ ਨੇ, ਮੈਂ ਡਾਕ ਬੰਗਲੇ ਢੇਰ ਸਾਰੇ ਕੁੱਤੇ ਬੱਧੇ ਵੇਖੇ ਨੇ।

ਚੂਨੀ ਲਾਲ : ਸਾਨੂੰ ਸਾਹਬਾਂ ਦੇ ਕੁੱਤਿਆਂ ਨਾਲੋਂ ਆਪਣੇ ਇਹਨਾਂ ਭਰਾਵਾਂ ਤੋਂ ਬਹੁਤਾ ਡਰ ਏ।

ਸੇਵਾ ਸਿੰਘ : ਹਾਂ ਇਹਨਾਂ ਨੂੰ ਕੁੱਤਿਆਂ ਦਾ ਡਰ ਨਹੀਂ, ਇਹ ਤਾਂ ਕੁੱਤਿਆਂ ਨੂੰ ਪੁੱਚ ਪੁੱਚ ਕਰਕੇ ਘਰ ਬੁਲਾਉਣਗੇ, ਉਹਨਾਂ ਨੂੰ ਮਾਸ ਦੇਣਗੇ, ਰੋਟੀ ਦੇਣਗੇ, ਇਹ ਤਾਂ ਚਾਹੁੰਦੇ ਨੇ ਕਿ ਕੁੱਤੇ, ਸਾਨੂੰ ਹੀ ਵੱਢਣ। ਪਰ ਚੂਨੀ ਲਾਲਾ, ਕੁੱਤੇ ਜੇ ਹਲਕਾ ਜਾਣ ਤੇ ਫੇਰ ਉਹ ਆਪਣਾ ਪਰਾਇਆ ਨਹੀਂ ਵੇਖਦੇ।

ਚੂਨੀ ਲਾਲ : ਸਾਨੂੰ ਵੀ ਪਤਾ ਏ ਕੁੱਤੇ ਕਿਸੇ ਦੇ ਯਾਰ ਨਹੀਂ ਹੁੰਦੇ। ਕੁੱਤਿਆਂ ਵਰਗੀ ਯਾਰੀ ਤਾਂ ਕੋਈ ਨਿਭਾ ਹੀ ਨਹੀਂ ਸਕਦਾ। ਮੇਰੇ ਵਲ ਵੇਖੋ, ਘਰ ਵਾਲੇ ਮੈਨੂੰ ਲੱਤ ਮਾਰ ਗਏ, ਪਰ ਮੇਰਾ ਡੱਬੂ ਮੇਰੇ ਨਾਲ ਰਿਹਾ।

ਸੇਵਾ ਸਿੰਘ : ਅਸੀਂ ਤੇਰੇ ਡੱਬੂ ਦੀ ਗੱਲ ਨਹੀਂ ਕਰਦੇ, ਸਾਹਬਾਂ ਦੇ ਕੁੱਤਿਆਂ ਦੀ ਗੱਲ ਕਰਦੇ ਹਾਂ।

ਅੱਲਾ ਸਿੰਘ : ਆਹੋ, ਉਹ ਤਾਂ ਸਾਲੇ ਮੇਰੇ, ਬੁਲ੍ਹੀ ਕੁੱਤੇ ਨੇ (ਸਾਰੇ ਹਸਦੇ ਹਨ)

ਤਾਇਆ : ਮੇਰੇ ਪੁਤਰੋ ਗੱਲ ਹਾਸੇ ਵਿਚ ਨਾਂ ਪਾਓ, ਵੇਲਾ ਸਮਝਕੇ ਗੱਲ, ਕਰਨ ਦਾ ਏ। ਮੱਤ ਭੁਲੋ ਕਿ ਐਤਕੀ ਸਾਹਬਾਂ ਦੇ ਰਾਜ ਦਾ ਮਤਲਬ ਏ ਕਿ ਰਾਜ ਪੁਲਸ ਦਾ ਹੋਣਾ ਏ, ਰਾਜ ਡੰਡੇ ਦਾ ਹੋਣਾ ਏ ਤੇ ਡੰਡਾ ਜਦੋਂ ਵਰਨ ਲਗਦੈ, ਉਹ ਅਗਾ ਪਿੱਛਾ ਨਹੀਂ ਵੇਖਦਾ।

ਚੂਨੀ ਲਾਲ : ਉਹ ਤਾਂ ਤਾਇਆ ਡੰਡਾ ਹੀ ਮਾਰਨਗੇ, ਇਹ ਤਾਂ ਬੰਦੂਕਾਂ ਚੁੱਕੀ ਫਿਰਦੇ ਨੇ।

ਸੇਵਾ ਸਿੰਘ : ਕਿਹੜੇ ਬੰਦੂਕਾਂ ਚੁੱਕੀ ਫਿਰਦੇ ਨੇ, ਕੋਈ ਨਾਂ ਤਾਂ ਲੈ।

ਚੂਨੀ ਲਾਲ : ਨਾ ਤਾਰੇ ਦਾ ਲੈਨਾਂ ਹਾਂ, ਉਹਦੇ ਸਾਥੀਆਂ ਦਾ ਲੈਨਾਂ ਹਾਂ। ਹੁਣ ਧਮਕੀ ਲਿਖ ਗਏ ਨੇ ਕਿ ਦੱਸ ਹਜ਼ਾਰ ਦੇਵੋ, ਨਹੀਂ ਤਾਂ ਗੱਡੀ ਚੜ੍ਹਨ ਦੀ ਤਿਆਰੀ ਕਰ ਲਵੋ। ਇਹ ਕਿਥੋਂ ਤਕ ਵਾਜਬ ਏ।

ਤਾਇਆ : ਕੋਈ ਵਾਜਬ - ਨਹੀਂ, ਕੌਣ ਕਹਿੰਦਾ ਏ ਵਾਜਬ ਏ, ਇਥੇ ਸਭ ਨੇ ਰਹਿਣਾ ਏ।

ਚੂਨੀ ਲਾਲ : ਇਹੋ ਤਾਂ ਮੈਂ ਕਹਿੰਨਾ ਹਾਂ ਇਥੇ ਸਭ ਨੇ ਰਹਿਣਾ ਏ। ਅਸੀਂ ਤਾਂ ਸਾਫ ਕਹਿੰਦੇ ਹਾਂ, ਸਾਡਾ ਕਾਰੋਬਾਰ ਕਿਸਾਨ ਭਰਾਵਾਂ ਦੇ ਸਿਰ ਤੇ ਚੱਲਦਾ ਏ। ਕਿਸਾਨ ਸਾਡੀ ਲੋੜ ਪੂਰੀ ਕਰਦੇ ਨੇ, ਅਸੀਂ ਕਿਸਾਨਾਂ ਦੀ ਲੋੜ ਪੂਰੀ ਕਰਨੇ ਹਾਂ। ਅਸੀਂ ਹੱਲ ਦਾ ਮੁੰਨਾ ਨਹੀਂ ਫੜ ਸਕਦੇ, ਇਹ ਹੱਟੀ ਨਹੀਂ ਬਹਿ ਸਕਦੇ।

ਸੇਵਾ ਸਿੰਘ : ਸ਼ਕਾਇਤ ਤਾਂ ਇਹੀ ਹੈ ਕਿ ਹੱਲ ਦੇ ਮੁੰਨੇ ਫੜਨ ਵਾਲਿਆਂ ਦੇ ਢਾਰਿਆਂ ਵਿਚ ਕੋਈ ਫ਼ਰਕ ਨਹੀਂ ਪਿਆ, ਪਰ ਹੱਟੀ ਬਹਿਣ ਵਾਲਿਆਂ ਦੇ ਚੁਬਾਰੇ ਉਤੇ ਚੁਬਾਰਾ ਪਈ ਜਾਂਦਾ ਏ।

ਤਾਇਆ : ਪਰ ਇਸ ਵਿਚੋਂ ਚੂਨੀ ਲਾਲ ਕਲ੍ਹੇ ਦਾ ਕੀ ਕਸੂਰ ਏ ? ਇਹ ਸਾਰਾ ਨਿਜ਼ਾਮ ਹੀ ਇਹੋ ਜਿਹਾ ਪਿਆ ਚਲਦੈ। ਕਸੂਰ ਸਾਰੇ ਪ੍ਰਬੰਧ ਦਾ ਏ ਤੇ ਅਸੀਂ ਲੜਦੇ ਆਪਸ ਵਿਚ ਹਾਂ। ਚੂਨੀ ਲਾਲ ਦੇ ਚੁਬਾਰੇ ਸਾਨੂੰ ਦਿਸ ਪੈਂਦੇ ਹਨ ਪਰ ਉੱਤੇ ਬੈਠਿਆਂ ਦੇ ਮਹਿਲਾਂ ਵਲ ਸਾਡੀ ਨਜ਼ਰ ਨਹੀਂ ਜਾਂਦੀ। ਹੁਣ ਗੱਲ ਨੂੰ ਵਧਾਓ ਨਾ, ਸਮਾ ਬਹੁਤਾ ਹੋ ਗਿਆ ਏ, ਅਪਣੇ ਅਪਣੇ ਘਰ ਪਹੁੰਚੋ। ਮੁਸੀਬਤ ਆ ਪਈ ਏ ਤੇ ਇਹਦਾ ਮੁਕਾਬਲਾ ਰੱਲਕੇ ਸਾਰਿਆਂ ਨੇ ਕਰਨਾ ਏ (ਉਦਦਿਆਂ ਹੋਇਆਂ) ਇਹ ਸਭ ਸਮਝ ਲੈਣ, ਬਗਾਨਿਆਂ ਦਾ ਰਾਜ ਬਗਾਨਾ ਹੀ ਹੁੰਦਾ ਏ।

(ਸਾਰੇ ਆਪਣੇ ਆਪਣੇ ਘਰਾਂ ਵੱਲ ਜਾਂਦੇ ਹਨ ਤੇ ਇਸ ਦਰਮਿਆਨ ਪਿੱਠ ਭੂਮੀ ਤੋਂ ਆਵਾਜ਼ :

ਰਾਜ ਬਗਾਨਿਆਂ ਦਾ ਸਦਾ ਮਾੜਾ
ਸਮਝੀਏ ਆਪਣੇ ਬਿਗਾਨੇ ਦਾ ਫਰਕ ਮੀਆਂ
ਸਿਰੇ ਚੜ੍ਹਦਾ ਬਿਨਾਂ ਇਤਫਾਕ ਦੇ ਕੰਮ ਨਹੀਂ
ਰਖੀਏ ਯਾਦ ਸ਼ੌ ਗੱਲਾਂ ਦੀ ਇਕ ਗੱਲ ਮੀਆਂ
(ਫੇਡ ਆਉਟ)

## ਸੀਨ 2

ਤਾਏ ਦੀ ਘਰ ਬੈਠਕ। ਤਾਇਆ ਅਖਬਾਰ ਪੜ੍ਹ ਰਿਹਾ ਹੈ, ਜਦੋਂ ਜਿੰਦਰ ਬਾਹਰੋਂ ਆਂਦਾ ਹੈ)

ਤਾਇਆ : ਜਿੰਦਰਾ ਸਮੇਂ ਸਿਰ ਘਰ ਆ ਜਾਇਆ ਕਰੋ, ਸਮਾਂ ਦੇਰ ਨਾਲ ਬਾਹਰ ਰਹਿਣ ਵਾਲਾ ਨਹੀਂ

ਜਿੰਦਰ : ਬਾਪੂ ਅਸੀਂ ਬਾਹਰ ਨਹੀਂ ਸੀ, ਗਿੰਦੇ ਹੋਰਾਂ ਦੇ ਚੁਬਾਰੇ ਵਿਚ ਸੀ। ਮੀਟਿੰਗ ਕਰ ਰਹੇ ਸੀ।

ਤਾਇਆ : ਕਾਹਦੀ ਮੀਟਿੰਗ ?

ਜਿੰਦਰ : ਜੋ ਕੁਝ ਆਲੇ-ਦੁਆਲੇ ਵਾਪਰ ਰਿਹਾ ਏ, ਉਹਦੇ ਬਾਰੇ ਸਲਾਹ ਮਸ਼ਵਰਾ ਕਰ ਰਹੇ ਸੀ। ਸਾਹਬਾਂ ਨੇ ਸਭ ਪਾਸੇ ਪੁਲਿਸ ਹੀ ਪੁਲਿਸ ਕੀਤੀ ਹੋਈ ਏ। ਜਿਧਰੋਂ ਵੀ ਲੰਘੋ, ਤਲਾਸ਼ੀ ਦੇ ਕੇ ਲੰਘੋ। ਆਪਣੇ ਹੀ ਘਰ ਅਸੀਂ ਕੈਦੀ ਹੋ ਗਏ ਹਾਂ। ਵੱਡੀ ਗੱਲ ਤਾਰੇ ਹੋਰਾਂ ਦੀ ਸਾਹਮਣੇ ਆਈ ਏ। ਉਹਨਾਂ ਨੇ ਅੱਜ ਫੇਰ ਚੂਨੀ ਹੋਰਾਂ ਦੀ ਹੱਟੀ ਜਾ ਕੇ ਉਹਨਾਂ ਨੂੰ ਧਮਕੀ ਦਿੱਤੀ ਏ। ਤਾਰੇ ਹੋਰੀਂ ਆਪ ਤਾਂ ਵਾਰਦਾਤ ਕਰਕੇ ਏਧਰ ਉਧਰ ਹੋ ਜਾਂਦੇ ਨੇ, ਵੱਖਤ ਸਾਰੇ ਪਿੰਡ ਨੂੰ ਪੈ ਜਾਂਦਾ ਏ। ਕਿੰਨੇ ਸਾਰੇ ਮੁੰਡਿਆਂ ਨੂੰ ਅਗਲਿਆਂ ਥਾਣੇ ਬਿਠਾਈ ਰੱਖਿਆ। ਛਿੰਦੇ ਤੇ ਮਹਿੰਦਰ ਦੀ ਮਾਰ ਕੁਟਾਈ ਵੀ ਬਹੁਤ ਕੀਤੀ ਏ।

ਤਾਇਆ : ਫੇਰ ਉਹਨਾਂ ਤਾਰੇ ਹੋਰਾਂ ਬਾਰੇ ਦੱਸਿਆ ?

ਜਿੰਦਰ : ਦੱਸਣ ਨੂੰ ਕੋਈ ਅਗਲਿਆਂ ਕੋਲੋਂ ਭੁੱਲਿਆ ਹੋਇਆ ਏ ? ਉਹਨਾਂ ਨੇ ਕੁਝ ਨਹੀਂ ਦੱਸਿਆ।

ਤਾਇਆ : ਉਹਨਾਂ ਚੰਗਾ ਕੀਤਾ ਕਿਸੇ ਦਾ ਨਾਂ ਨਹੀਂ ਲਿਆ, ਨਾਂ ਲੈਣ ਨਾਲ ਫਾਇਦਾ ਤਾਂ ਕੁਝ ਹੋਣਾ ਨਹੀਂ, ਵੈਰ ਹੀ ਵੱਧਣਾ ਏ

ਜਿੰਦਰ : ਨਾਲੇ ਬਾਪੂ ਜੇ ਉਹ ਨਾਂ ਲੈ ਲੈਂਦੇ, ਸਾਹਬਾਂ ਦੀ ਪੁਲਿਸ ਨੂੰ ਸ਼ਹਿ ਮਿਲਣੀ ਸੀ, ਅੱਗੇ ਹੀ ਉਹ ਕੋਈ ਘੱਟ ਵਧੀਕੀਆਂ ਨਹੀਂ ਕਰ ਰਹੇ, ਛਿੰਦਾ ਤਾਂ ਮਹਿੰਦਰ ਵੀ ਚੁਬਾਰੇ ਵਿਚ ਆਏ ਸਨ। ਬੁਰੀ ਤਰ੍ਹਾਂ ਸੁੱਜੇ ਹੋਏ ਸਨ।

ਤਾਇਆ : ਫੇਰ ਤੁਸਾਂ ਕੀ ਸੋਚਿਐ ?

ਜਿੰਦਰ : ਅਸੀਂ ਇਹੀ ਸੋਚਿਐ ਕਿ ਤਾਰੇ ਹੋਰਾਂ ਨਾਲ ਅਸੀਂ ਆਪ ਹੀ ਨਿਬੜੀਏ। ਉਹਨਾਂ ਨੂੰ ਸਮਝਾਈਏ ਕਿ ਉਹ ਗ਼ਲਤ ਲੜਾਈ ਲੜ ਰਹੇ ਨੇ। ਆਖਦੇ ਤਾਂ ਉਹ ਇਹ ਨੇ ਕਿ ਉਹ ਸਾਹਬਾਂ ਦੇ ਵਿਰੁੱਧ ਲੜ ਰਹੇ ਨੇ ਪਰ ਅਸਲ ਵਿਚ ਉਹ ਆਪਣੀਆਂ ਗ਼ਲਤ ਹਰਕਤਾਂ ਨਾਲ ਸਾਹਬਾਂ ਨੂੰ ਸਾਰੇ ਪਿੰਡ ਉਤੇ ਜ਼ੁਲਮ ਢਾਹੁਣ ਲਈ ਬਹਾਨਾ ਪੇਸ਼ ਕਰ ਰਹੇ ਨੇ।

ਤਾਇਆ : ਕੀ ਉਹ ਸਮਝ ਜਾਣਗੇ ?

ਜਿੰਦਰ : ਨਹੀਂ ਸਮਝਣਗੇ ਤਾਂ ਅਸੀਂ ਉਹਨਾਂ ਦੇ ਵਿਰੁੱਧ ਇਹੋ ਜਿਹਾ ਪਰਚਾਰ ਵਿਢਾਂਗੇ ਕਿ ਉਹਨਾਂ ਦਾ ਪਿੰਡ ਵਿਚ ਰਹਿਣਾ ਮੁਸ਼ਕਿਲ ਹੋ ਜਾਏ। ਅਸੀਂ ਸਾਹਬਾਂ ਦਾ ਮੁਖੱਬਰ ਨਹੀਂ ਬਣਨਾ। ਉਹ ਕੋਈ ਸਾਡੇ ਦੋਸਤ ਨਹੀਂ, ਪਰ ਅਸੀਂ ਇਹ ਵੀ ਬਰਦਾਸ਼ਤ ਨਹੀਂ ਕਰ ਸੁਕਦੇ ਕਿ ਤਾਰੇ ਹੋਰੀ ਪਿੰਡ ਵਿਚ ਐਵੇਂ ਨਜਾਇਜ਼ ਦਹਿਸ਼ਤ ਪਾਈ ਰੱਖਣ

ਤਾਇਆ : ਮੈਂ ਹੁਣੇ ਅਖਬਾਰ ਪੜ੍ਹ ਰਿਹਾ ਸਾਂ, ਵੱਡੇ ਸਾਹਬ ਦਾ ਬਿਆਨ ਸੀ ਕਿ ਉਹ ਇਥੇ ਅਮਨ-ਅਮਾਨ ਕਾਇਮ ਕਰਨ ਲਈ ਆਏ ਨੇ

ਜਿੰਦਰ : ਇਹ ਵੀ ਬਾਪੂ ਜੀ, ਸਭ ਕਹਿਣ ਦੀਆਂ ਗੱਲਾਂ ਨੇ। ਤੁਹਾਨੂੰ ਤਾਂ ਸਾਰਾ ਪਤਾ ਹੀ ਏ, ਜੇ ਉਹਨਾਂ ਦੀ ਨੀਅਤ ਅਮਨ-ਅਮਾਨ ਦੀ ਹੋਵੇ ਤਾਂ ਸਾਰੇ ਲੋਕਾਂ ਨੂੰ ਵਿਸ਼ਵਾਸ਼ ਵਿਚ ਲੈਣ। ਜੋ ਭੀੜ ਪਈ ਏ, ਉਹਦਾ ਕੋਈ ਹੱਲ ਲੱਭਣ ਦਾ ਉਪਰਾਲਾ ਕਰਨ। ਉਹਨਾਂ ਨੇ ਇਕੋ ਤਰੀਕਾ ਅਪਣਾਇਆ ਏ ਕਿ ਡੰਡੇ ਦੇ ਜ਼ੋਰ ਨਾਲ ਸਭ ਕੁਝ ਕਰਨ। ਹਰ ਰੋਜ਼ ਪੰਜ ਸੱਤ ਮਰ ਜਾਂਦੇ ਨੇ, ਕੁਝ ਤਾਰੇ ਹੋਰੀਂ ਮਾਰ ਦੇਂਦੇ ਨੇ ਤੇ ਕੁਝ ਸਾਹਬਾਂ ਦੀ ਪੁਲਸ।

ਤਾਇਆ : ਅੱਜ ਸੱਥ ਵਿਚ ਗੱਲਾਂ ਹੋ ਰਹੀਆਂ ਸਨ, ਸਾਹਬ ਵਾਰ ਵਾਰ ਲੋਕਾਂ ਦਾ ਸਹਿਯੋਗ ਤਾਂ ਮੰਗਦੇ ਹਨ ਪਰ ਲੋਕਾਂ ਨੂੰ ਵਿਸ਼ਵਾਸ ਵਿਚ ਨਹੀਂ ਲੈਂਦੇ

ਜਿੰਦਰ : ਅਸੀਂ ਸਭਾ ਵਲੋਂ ਇਹੀ ਫੈਸਲਾ ਕੀਤਾ ਏ ਕਿ ਐਸੀ ਰਾਏਆਮਾ ਬਣਾਈਏ ਜਿਥੇ ਤਾਰੇ ਹੋਰਾਂ ਨੂੰ ਵੀ ਇਹ ਅਹਿਸਾਸ ਕਰਵਾ ਦੇਈਏ ਕਿ ਉਹ ਜਿਹੜੀ ਖੇਡ ਬਾਹਰਲਿਆਂ ਦੀ ਸ਼ਹਿ ਤੇ ਖੇਡ ਰਹੇ ਨੇ, ਉਹ ਖੇਡ ਇਸ ਧਰਤੀ 'ਤੇ ਕਦੀ ਵੀ ਸਫ਼ਲ ਨਹੀਂ ਹੋ ਸਕਦੀ ਤੇ ਨਾਲੇ ਸਾਹਬਾਂ ਨੂੰ ਵੀ ਦੱਸ ਦੇਈਏ ਕਿ ਅਸੀਂ ਆਪਣੀ ਧਰਤੀ 'ਤੇ ਆਪ ਰਾਜ ਕਰਨ ਦੇ ਦੇ ਯੋਗ ਹਾਂ।

ਤਾਇਆ : ਠੀਕ ਰਾਹ ਵੀ ਇਹੋ ਏ। ਹਲਾ ਮੈਂ ਵਿਹੜੇ ਵਿਚ ਪੈਣ ਲੱਗਾ ਹਾਂ। ਤੂੰ ਬੈਠਕ ਵਿਚੋਂ ਹੀ ਲੰਘਕੇ ਬਾਹਰ ਆਈਂ।

ਜਿੰਦਰ : ਮੈਂ ਨਹੀਂ ਹਾਲੇ ਪੈਣ ਲੱਗਾ, ਇਕ ਪੋਸਟਰ ਦਾ ਮਜ਼ਮੂਨ ਲਿਖਣਾ ਏ, ਜਿਹੜਾ ਕੱਲ੍ਹ ਪਿੰਡ ਲਗਾਉਣਾ ਏ।

(ਬਾਪੂ ਜਾਂਦਾ ਹੈ, ਜਿੰਦਰ ਬੂਹਾ ਲਗਾਉਂਦਾ ਏ, ਫੇਰ ਵਾਪਸ ਆਕੇ ਲਿਖਣ ਲੱਗ ਪੈਂਦਾ ਹੈ, ਜਦੋਂ ਬੂਹਾ ਜ਼ੋਰ ਦਾ ਖੜਕਦਾ)

ਜਿੰਦਰ : ਕੌਣ ਏ ?

ਆਵਾਜ਼ : ਆਪ ਹੀ ਹਾਂ, ਬੂਹਾ ਖੋਲ੍ਹ,

ਜਿੰਦਰ : ਨਾਂ ਤਾਂ ਲੈ

ਆਵਾਜ਼ : ਨਾਂ ਨਹੀਂ ਲੈਣਾ, ਪਛਾਣ ਲੈ

ਜਿੰਦਰ : (ਉਠਦਿਆਂ ਹੋਇਆ) ਤਾਰਾ

ਆਵਾਜ਼ : ਹਾਂ ਤਾਰਾ

ਜਿੰਦਰ ਉੱਠਕੇ ਬੂਹਾ ਖੋਲ੍ਹਦਾ ਹੈ, ਤਾਰਾ ਅੰਦਰ ਆਂਦਾ ਹੈ)

ਜਿੰਦਰ : ਤਾਰਿਆ ਤੇਰਾ ਇਥੇ ਆਉਣਾ ਠੀਕ ਨਹੀਂ,

ਤੈਨੂੰ ਪਤਾ ਏ ਕਿ ਤੇਰਾ ਤੇ ਮੇਰਾ ਰਾਹ ਇਕ ਨਹੀਂ।

ਤਾਰਾ : ਕੀ ਤੈਨੂੰ ਡਰ ਏ ਕਿ ਜੇ ਮੇਰਾ ਇਥੇ ਆਉਣ ਦਾ ਕਿਸੇ ਨੂੰ ਪਤਾ ਲੱਗ ਗਿਆ ਤਾਂ ਤੈਨੂੰ ਤੰਗ ਕਰਨਗੇ ?

ਜਿੰਦਰ : ਤੰਗ ਹੋਣ ਤੋਂ ਅੱਗੇ ਅਸੀਂ ਕਿਹੜਾ ਬੁਰੇ ਹੁੰਦੇ ਹਾਂ, ਆਪਣੇ ਰਾਹ ਤੇ ਚਲਦਿਆਂ ਸਾਨੂੰ ਮੌਤ ਵੀ ਆ ਜਾਏ ਕੋਈ ਰੰਜ ਨਹੀਂ ਹੋਏਗਾ, ਪਰ ਐਵੇਂ ਕਿਸੇ ਉਲਝਣ ਵਿਚ ਮੈਂ ਨਹੀਂ ਫਸਣਾ ਚਾਹੁੰਦਾ।

ਤਾਰਾ : ਬੱਸ ਇਸੇ ਗੱਲ ਬਾਰੇ ਤੈਨੂੰ ਖ਼ਬਰਦਾਰ ਕਰਨ ਆਇਆਂ ਹਾਂ ਕਿ ਐਵੇਂ ਕਿਸੇ ਉਲਝਣ ਵਿਚ ਨਾ ਫਸੇ। ਤੁਹਾਡੀਆਂ ਸਰਗਰਮੀਆਂ ਸਾਡੇ ਉਤੇ ਵਾਲੇ ਠੀਕ ਨਹੀਂ ਸਮਝਦੇ। ਕੋਈ ਵੀ ਐਕਸ਼ਨ ਹੋ ਸਕਦੈ। ਇਸ ਲਈ ਇਕ ਦੋਸਤ ਵਾਕੁਨ ਤੈਨੂੰ ਇਹੀ ਕਹਿਣ ਆਇਆ ਹਾਂ ਕਿ ਸਾਡੇ ਰਾਹ ਵਿਚ ਨਾ ਆਉ। ਸਾਡੇ ਲਈ ਇਹ ਲੜਾਈ ਜ਼ਿੰਦਗੀ ਤੇ ਮੌਤ ਦੀ ਲੜਾਈ ਏ। ਅਸੀਂ ਆਪਣੇ ਮਿਸ਼ਨ ਵਿਚ ਹਰ ਹਾਲਤ ਵਿਚ ਕਾਮਯਾਬ ਹੋਣਾ ਏ।

ਜਿੰਦਰ : ਕੀ ਏ ਤੁਹਾਡਾ ਮਿਸ਼ਨ ?

ਤਾਰਾ : ਅਸੀਂ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਣਾ ਏ। ਜਿਸ ਵਿਚ ਸਾਡੇ ਧਰਮ ਦਾ ਬੋਲ-ਬਾਲਾ ਹੋਵੇ।

ਜਿੰਦਰ : ਧਰਮ ਦਾ ਬੋਲ-ਬਾਲਾ ਹੋਵੇ, ਇਸ ਬਾਰੇ ਕਿਸੇ ਨੂੰ ਕੋਈ ਇਤਰਾਜ਼ ਨਹੀਂ, ਜੇ ਧਰਮ ਵਾਲਾ ਬੰਦਾ ਇਸਨੂੰ ਨਿੱਜ ਤੱਕ ਸੀਮਿਤ ਰੱਖੇ, ਪਰ ਅੱਜ ਦੀ ਵੀਹਵੀਂ ਸਦੀ ਵਿਚ ਧਰਮ ਆਧਾਰਤ ਰਾਜ ਬਣਾਉਣਾ ਇਤਿਹਾਸ ਦਾ ਪਹੀਆ ਪੁੱਠਾ ਚਲਾਉਣ ਦੇ ਬਰਾਬਰ ਹੈ। ਇਸੇ ਨੁਕਤੇ 'ਤੇ ਆਕੇ ਸਾਡੀ ਤੁਹਾਡੇ ਨਾਲ ਵਿਰੋਧਤਾ ਏ। ਤੁਸੀਂ ਆਪ ਵੀ ਜਨੂੰਨ ਦੀ ਅੱਗ ਵਿਚ ਸੜ ਰਹੇ ਹੋ ਤੇ ਸਾਰੀ ਧਰਤੀ ਨੂੰ ਸਾੜੇ ਰਹੇ ਹੋ।

ਤਾਰਾ : ਮੈਂ ਤੇਰਾ ਲੈਕਚਰ ਸੁਣਨ ਨਹੀਂ ਆਇਆ।

ਜਿੰਦਰ : ਫੇਰ ਕੀ ਕਰਨ ਆਇਐਂ ਏਂ ? ਧਮਕੀ ਦੇਣ ਆਇਆ ਏਂ ? ਮੈਨੂੰ ਪਤਾ ਤੇਰੀ ਡੱਬ ਵਿਚ ਪਿਸਤੌਲ ਏ, ਤੂੰ ਮੈਨੂੰ ਮਾਰ ਵੀ ਸਕਦੈ ਏਂ। ਬੰਦਾ ਮਾਰਨਾ ਤੁਹਾਡੇ ਲਈ ਹੁਣ ਚਿੜੀ ਮਾਰਨ ਦੇ ਬਰਾਬਰ ਏ।

ਤਾਰਾ : ਨਿਹੋਰਾ ਦੇ ਰਿਹਾ ਏਂ ?

ਜਿੰਦਰ : ਨਹੀਂ, ਨਿੱਕੇ ਹੁੰਦਿਆਂ ਦੇ ਆਪਣੇ ਤਾਰੇ ਦੋਸਤ ਨੂੰ ਯਾਦ ਕਰਦਾ ਹਾਂ, ਜੋ ਸਾਡੇ ਨਾਲ ਇਸ ਲਈ ਲੜ ਪੈਂਦਾ ਸੀ ਕਿ ਅਸੀਂ ਛੱਪੜ ਕੰਢੇ ਡੱਡੂਆਂ ਨੂੰ ਢੀਮਾਂ ਕਿਉਂ ਮਾਰਦੇ ਹਾਂ

ਤਾਰਾ : ਪਾਣੀ ਦਿਨਾਂ 'ਚ ਹੀ ਪੁੱਲਾਂ ਥੱਲਿਓਂ ਲੰਘ ਗਿਆ,

ਜਿੰਦਰ : ਪਰ ਪੁੱਲ ਤਾਂ ਉਥੇ ਹੀ ਖਲੋਤਾ ਏ, ਜਿਹੜਾ ਇਕ ਕਿਨਾਰੇ ਨੂੰ ਦੂਜੇ ਕਿਨਾਰੇ ਨਾਲ ਜੋੜਦਾ ਏ।

ਤਾਰਾ : ਮੈਂ ਤੇਰੀ ਗੱਲ ਯਾਦ ਰਖਾਂਗਾ, ਪਰ ਇਕ ਗੱਲ ਮੇਰੀ ਮੰਨ ਲੈ, ਕੱਲ ਦਾ ਜਿਹੜਾ ਜਲਸਾ ਤੁਸੀਂ ਰੱਖਿਆ ਏ, ਉਹ ਨਾ ਕਰੋ

ਜਿੰਦਰ : ਤਾਰਿਆ ਉਹ ਸਿਰਫ਼ ਤੁਹਾਡੇ ਵਿਰੁੱਧ ਨਹੀਂ, ਉਹ ਸਾਹਬਾਂ ਦੀ ਪੁਲਿਸ ਦੇ ਵਿਰੁੱਧ ਵੀ ਏ, ਅਸੀਂ ਇਸ ਧਰਤੀ 'ਤੇ ਇਸ ਲਹੂ ਦੀ ਕਹਾਣੀ ਖ਼ਤਮ ਕਰਨਾ ਚਾਹੁੰਦੇ ਹਾਂ। ਅਸੀਂ ਚੰਗੀ ਜ਼ਿੰਦਗੀ ਲਈ ਸੰਘਰਸ਼ ਕਰਨਾ ਚਾਹੁੰਦੇ ਹਾਂ।

ਤਾਰਾ : ਇਹੋ ਸੰਘਰਸ਼ ਤੁਹਾਨੂੰ ਮੁਬਾਰਕ ਹੋਵੇ, ਪਰ ਅਸੀਂ ਵੀ ਇਕ ਸੰਘਰਸ਼ ਲੜ ਰਹੇ ਹਾਂ। ਕੌਣ ਠੀਕ ਏ, ਕੌਣ ਗਲਤ ਏ, ਇਹ ਆਉਣ ਵਾਲਾ ਸਮਾਂ ਹੀ ਦਸੇਗਾ, ਹੁਣ ਤਾਂ ਮੈਨੂੰ ਕਾਹਲ ਏ, ਕਿਸੇ ਵੇਲੇ ਵੀ ਖਤਰਾ ਵਧ ਸਕਦਾ ਏ, ਤਾਏ ਹੋਰਾਂ ਨੂੰ ਪੈਰੀਂ ਪੈਣਾ ਆਖੀਂ। ਇਹ ਪਹਿਲੀ ਵਾਰ ਏ ਕਿ ਇਸ ਘਰ ਵਿਚ ਆਕੇ ਤਾਏ ਹੋਰਾਂ ਨੂੰ ਮਿਲੇ ਬਗੈਰ ਜਾ ਰਿਹਾ ਹਾਂ, ਇਕ ਸੱਚੇ ਸੁੱਚੇ ਬਜ਼ੁਰਗ ਦੇ ਦਰਸ਼ਨ ਚੰਗੇ ਭਾਗਾਂ ਵਾਲੇ ਨੂੰ ਮਿਲਦੇ ਹਨ

(ਜਾਣ ਲਈ ਮੁੜਦਾ ਹੈ)

ਜਿੰਦਰ : ਤਾਰਿਆ ਤੂੰ ਆਖਿਆ ਕੌਣ ਠੀਕ ਏ, ਕੌਣ ਗਲਤ, ਇਹ ਆਉਣ ਵਾਲਾ ਸਮਾਂ ਦਸੇਗਾ, ਮੈਨੂੰ ਉਸ ਸਮੇਂ ਦੀ ਉਡੀਕ ਰਹੇਗੀ।

(ਤਾਰਾ ਬਾਹਰ ਨਿਕਲ ਜਾਂਦਾ ਹੈ। ਜਿੰਦਰ ਉਹਦੀ ਉਹਦੀ ਪਿੱਠ ਵੱਲ ਵੇਖਦਾ ਰਹਿੰਦਾ ਹੈ, ਜਦ ਪਿੱਠ ਭੂਮੀ 'ਤੇ ਆਵਾਜ਼)

ਦੱਦਾ-ਦੋਸਤਾ ਫੜਿਆ ਰਾਹ ਮਾੜਾ,
ਚੜ੍ਹਿਆ ਜਨੂੰਨ ਦਾ ਤੈਨੂੰ ਤਾਪ ਮੀਆਂ।
ਅੱਗ ਨਫਰਤ ਦੀ ਫੈਲੀ
ਐਸਾ ਦਿੱਤਾ ਧਰਤੀ ਨੂੰ ਸਰਾਪ ਮੀਆਂ।

(ਫੇਡ-ਆਊਟ)

ਸੀਨ ਤਿੰਨ

ਤਾਰੇ ਦਾ ਘਰ। ਥਾਣੇਦਾਰ ਤੇ ਦੋ ਸਿਪਾਹੀ ਹਨੇਰੇ ਵਾਕੁਨ ਮੰਚ ਤੇ ਆਉਂਦੇ ਹਨ ਤੇ ਸਾਰੇ ਪਾਸੇ ਫੈਲ ਜਾਂਦੇ ਹਨ। ਤਾਰੇ ਦਾ ਬਾਪੂ ਸਟੇਜ ਦੇ ਇਕ ਪਾਸੇ ਤੋਂ ਨਿਕਲਦਾ ਹੈ।

ਬਾਪੂ : ਥਾਣੇਦਾਰ ਸਾਹਿਬ ਕੀ ਗੱਲ ਏ ?

ਥਾਣੇਦਾਰ : ਕਿਉਂ ਬਾਪੂ, ਤਾਰਾ ਤੇਰਾ ਹੀ ਮੁੰਡਾ ਏ ?

ਬਾਪੂ : ਹਾਂ ਮੇਰਾ ਹੀ ਮੁੰਡਾ ਏ।

ਥਾਣੇਦਾਰ : ਕਿਥੇ ਏ ਉਹ ?

ਬਾਪੂ : ਪਤਾ ਨਹੀਂ, ਕਿਉਂਕਿ ਉਹ ਘਰ ਨਹੀਂ ਆਉਂਦਾ ਤੇ ਨਾ ਹੀ ਘਰ ਰਹਿੰਦਾ ਏ।

ਥਾਣੇਦਾਰ : ਫੇਰ ਤੂੰ ਸਾਡੇ ਨਾਲ ਥਾਣੇ ਚੱਲ।

ਬਾਪੂ : ਕਿਉਂ ਮੈਂ ਕਿਉਂ ਚੱਲਾਂ ? ਕੀ ਕਸੂਰ ਏ ਮੇਰਾ ?

ਥਾਣੇਦਾਰ : ਕਸੂਰ ਤੇਰਾ ਇਹ ਹੈ ਕਿ ਤਾਰਾ ਤੇਰਾ ਪੁੱਤਰ ਏ।

ਬਾਪੂ : ਪਰ ਮੇਰਾ ਉਹਦੇ ਨਾਲ ਕੋਈ ਸੰਬੰਧ ਨਹੀਂ, ਮੈਂ ਉਹਦੇ ਨਾਲ ਜਾਂ ਇਹ ਕਹਿ ਲਵੋ ਉਹਨੇ ਸਾਡੇ ਨਾਲ ਸਾਰੇ ਸੰਬੰਧ ਤੋੜ ਲਏ ਨੇ।

ਥਾਣੇਦਾਰ : ਪਰ ਤੇਰੇ ਕਹਿਣ ਨਾਲ ਇਹ ਟੁੱਟਦੇ ਥੋੜੇ ਨੇ (ਸਿਪਾਹੀਆਂ ਨੂੰ) ਇਹਦਾ ਮਾਲ ਡੰਗਰ ਵੀ ਖੋਲ੍ਹ ਲਵੋ ਤੇ ਥਾਣੇ ਜਾ ਬੰਨੋ। ਤਾਰਾ ਪੇਸ਼ ਹੋਇਆ, ਤਾ ਬਾਪੂ ਵੀ ਆ ਜਾਏਗਾ ਤੇ ਮਾਲ ਡੰਗਰ ਵੀ ਵਾਪਸ ਆ ਜਾਏਗਾ।

(ਜਿੰਦਰ ਤੇ ਉਹਦੇ ਦੋ ਸਾਥੀ ਆਉਂਦੇ ਹਨ)

ਜਿੰਦਰ : ਥਾਣੇਦਾਰ ਸਾਹਿਬ ਇਹ ਬੜੀ ਜ਼ਿਆਦਤੀ ਏ, ਅਸੀਂ ਇਹ ਜ਼ਿਆਦਤੀ ਨਹੀਂ ਹੋਣ ਦਿਆਂਗੇ।

ਬਾਕੀ ਦੋ ਵਾਰੀ ਵਾਰੀ : ਹਾਂ ਅਸੀਂ ਇਹ ਜ਼ਿਆਦਤੀ ਨਹੀਂ ਹੋਣ ਦਿਆਂਗੇ।

ਥਾਣੇਦਾਰ : ਕੌਣ ਹੋ ਤੁਸੀਂ ?

ਜਿੰਦਰ : ਪਿੰਡ ਦੇ ਰਹਿਣ ਵਾਲੇ ਹਾਂ,

ਥਾਣੇਦਾਰ : (ਟਿਚਕਰ ਨਾਲ) ਤਾਂ ਤੁਸੀਂ ਪਿੰਡ ਦੇ ਰਹਿਣ ਵਾਲੇ ਹਾਂ।

ਇਕੱਠੇ : ਹਾਂ ਅਸੀਂ ਪਿੰਡ ਦੇ ਰਹਿਣ ਵਾਲੇ ਹਾਂ।

ਥਾਣੇਦਾਰ : (ਟਿਚਕਰ ਨਾਲ) ਤੁਸੀਂ ਇਥੇ ਹੀ ਰਹਿੰਦੇ ਹੋ ?

ਇਕੱਠੇ : ਹਾਂ ਅਸੀਂ ਇਥੇ ਰਹਿੰਦੇ ਹਾਂ।

ਥਾਣੇਦਾਰ : (ਰੋਅਬ ਨਾਲ) ਫੇਰ ਤੁਸੀਂ ਉਸ ਵੇਲੇ ਕਿਥੇ ਸੀ, ਜਦੋਂ ਤਾਰੇ ਹੋਰਾਂ ਨੇ ਚੂਨੀ ਲਾਲ ਦੀ ਦੁਕਾਨ ਤੇ ਜਾ ਕੇ ਧਮਕੀਆਂ ਦਿਤੀਆਂ, ਉਸ ਵੇਲੇ ਤੁਸੀਂ ਬੂਹੇ ਬੰਦ ਕਰਕੇ ਕਿਉਂ ਬੈਠੇ ਰਹੇ ?

ਜਿੰਦਰ : (ਬੜੇ ਠਰੰਮੇ ਨਾਲ) ਇਹੋ ਸਵਾਲ ਅਸੀਂ ਤੁਹਾਡੇ ਤੇ ਕਰਦੇ ਹਾਂ ਕਿ ਤੁਸੀਂ ਉਸ ਵੇਲੇ ਕਿਥੇ ਸੀ ? ਤੁਹਾਡੀ ਵੀ ਚੌਂਕੀ ਨਾਲ ਪੈਂਦੀ ਹੈ। ਤੁਸੀਂ ਵੀ ਪਹਿਰੇ ਤੇ ਘੁੰਮ ਰਹੇ ਸੀ ਤੁਹਾਡੇ ਕੋਲ ਜੀਪਾਂ ਨੇ, ਸਟੇਨਾਂ ਨੇ, ਰਫਲਾਂ ਨੇ, ਬੰਦੂਕਾਂ ਨੇ, ਸਾਡੇ ਕੋਲ ਕੀ ਏ ? ਜੇ ਤੁਸੀਂ ਉਹਨਾਂ ਨੂੰ ਨਹੀਂ ਫੜ ਸਕਦੇ, ਅਸੀਂ ਕਿਵੇਂ ਫੜੀਏ ? ਤੁਸੀਂ ਆਪ ਉਸ ਵੇਲੇ ਮੋਰਚਿਆਂ ਪਿਛੇ ਹੋ ਜਾਂਦੇ ਹੋ। ਬੋਰੀਆਂ ਓਹਲੇ ਲੁਕ ਜਾਂਦੇ ਹੋ। ਪਿਛੋਂ ਆ ਕੇ ਸਾਡੇ ਮਾਲ ਡੰਗਰ ਖੋਲ੍ਹਣ ਲੱਗ ਪੈਂਦੇ ਹੋ। ਹੁਣ ਤੁਸੀਂ ਹੀ ਦਸੋ ਤਾਰੇ ਤੇ ਉਹਦੇ ਸਾਥੀਆਂ ਕੋਲ ਬੰਦੂਕਾਂ ਨੇ, ਅਸੀਂ ਕਿਸ ਤਰ੍ਹਾਂ ਬੋਲ ਸਕਦੇ ਸਾਂ ?

ਥਾਣੇਦਾਰ : ਹੁਣ ਜੇਕਰ ਅਸੀਂ ਕਹੀਏ ਕਿ ਸਾਡੇ ਕੋਲ ਵੀ ਬੰਦੂਕਾਂ ਨੇ ਤੇ ਫੇਰ ਕਿਸ ਤਰ੍ਹਾਂ ਬੋਲਦੇ ਹੋ ?

ਜਿੰਦਰ : ਇਹੋ ਤਾਂ ਕਹਿੰਦੇ ਹਾਂ, ਤੁਹਾਡੇ ਕੋਲ ਵੀ ਬੰਦੂਕਾਂ ਨੇ, ਉਹਨਾਂ ਕੋਲ ਵੀ ਬੰਦੂਕਾਂ ਨੇ, ਫੇਰ ਤੁਸੀਂ ਆਪਸ ਵਿਚ ਕਿਉਂ ਨਹੀਂ ਨਿਬੜਦੇ ?

(ਤਾਇਆ ਆਉਂਦਾ ਹੈ)

ਬਾਪੂ : ਹਾਂ ਥਾਣੇਦਾਰ ਸਾਹਬ, ਤੁਸੀਂ ਆਪਸ ਵਿਚ ਕਿਉਂ ਨਹੀਂ ਨਿਬੜਦੇ। ਸਾਨੂੰ ਸਾਧਾਰਨ ਲੋਕਾਂ ਨੂੰ ਵਿਚ ਕਿਉਂ ਰਗੜਦੇ ਹੋ ?

ਥਾਣੇਦਾਰ : ਬਾਪੂ ਜੀ, ਕਿਉਂਕਿ ਇਹ ਮਾਮਲਾ ਤੁਹਾਡਾ ਵੀ ਏ।

ਜਿੰਦਰ : ਥਾਣੇਦਾਰ ਸਾਹਿਬ, ਇਹ ਮਾਮਲਾ ਜਿੰਨਾ ਸਾਡਾ ਏ, ਉਨਾ ਹੀ ਤੁਹਾਡਾ ਏ। ਅਸਲ ਵਿਚ ਇਹ ਮਾਮਲਾ ਸਾਰਿਆਂ ਦਾ ਏ, ਅਸੀਂ ਸਾਰੇ ਇਹਦਾ ਕੋਈ ਬਾਇਜ਼ਤ ਹੱਲ ਚਾਹੁੰਦੇ ਹਾਂ, ਪਰ ਹੱਲ ਕਿਥੇ ਏ ? ਬਸ ਬੰਦੂਕਾਂ ਹੀ ਬੰਦੂਕਾਂ ਨੇ, ਏਧਰ ਵੀ ਤੇ ਉਧਰ ਵੀ। ਥਾਣੇਦਾਰ ਸਾਹਬ ਅੱਗੇ ਹੀ ਪਿੰਡ ਵਿਚ ਬੜਾ ਖਿਚਾਅ ਵਧਿਆ ਹੋਇਆ ਏ, ਮੇਰੀ ਤੁਹਾਨੂੰ ਬੇਨਤੀ ਏ ਕਿ ਤੁਸੀਂ ਇਸ ਕਾਰਵਾਈ ਨੂੰ ਰੋਕ ਦੇਵੋ, ਸਾਨੂੰ ਡਾਕ ਬੰਗਲੇ ਸਾਹਬ ਨਾਲ ਆਪ ਜਾ ਕੇ ਗੱਲ ਕਰ ਲੈਣ ਦੇਵੋ ਜੇ ਤੁਸੀਂ ਵੀ ਨਾਲ ਚਲ ਸਕੋ ਤਾਂ ਚੰਗਾ ਏ, ਸਾਹਬ ਸਾਡੀ ਬੋਲੀ ਨਹੀਂ ਸਮਝਦੇ।

ਥਾਣੇਦਾਰ : ਨਹੀਂ ਹੁਣ ਇਹੋ ਜਿਹੀ ਗੱਲ ਨਹੀਂ, ਸਾਹਬ ਨੇ ਬੋਲੀ ਸਿਖ ਲਈ ਏ।

(ਹੌਲੇ ਹੌਲੇ ਬਾਹਰ ਵਲ ਜਾਂਦੇ ਹਨ ਤੇ ਪਿੱਠ ਭੂਮੀ ਤੇ ਬੋਲ ਉੱਚੇ ਹੁੰਦੇ ਹਨ)

ਹਾਹਾ : ਹੱਕ ਦੀ ਲੋਕਾਂ ਗੱਲ ਆਖੀ, ਢਿੱਲਾ ਪੈ ਗਿਆ ਥਾਣੇਦਾਰ ਮੀਆਂ। ਕਰਨ ਗੱਲ ਸਾਹਬਾਂ ਦੇ ਨਾਲ ਸਿੱਧੀ, ਕੋਲ ਪਹੁੰਚੇ ਜਾ ਸਰਕਾਰ ਮੀਆਂ।

ਸੀਨ ਚਾਰ

ਮੰਚ ਤੇ ਸਿਪਾਹੀ ਡਾਇਗ ਨਲੀ ਚਲਦੇ ਹੋਏ ਪਹਿਰਾ ਦੇ ਰਹੇ ਹਨ। ਦੂਜੇ ਪਾਸਿਓਂ ਨਾਅਰਾ ਲਾਉਂਦੇ ਲੋਕ ਆਉਂਦੇ ਹਨ : ਸਾਰੇ ਲੋਕਾਂ ਦੀ ਆਵਾਜ਼ : ਧੱਕਾ ਸ਼ਾਹੀ ਮੁਰਦਾਬਾਦ ?

(ਸਾਹਬ ਬਾਹਰ ਆਉਂਦਾ ਹੈ। ਨਾਅਰੇ ਲੱਗਣੇ ਬੰਦ ਹੋ ਜਾਂਦੇ ਹਨ)

ਜਿੰਦਰ : ਸਾਹਬ, ਤੁਹਾਡੇ ਨਾਲ ਗੱਲ ਕਰਨੀ ਏ।

ਸਾਹਬ : ਜ਼ਰੂਰ ਕਰੇਂ, ਜ਼ਰੂਰ ਕਰੇਂ।

ਜਿੰਦਰ : ਤੁਸੀਂ ਹਰ ਵਲੇ ਕਹਿੰਦੇ ਹੋ ਕਿ ਆਤੰਕਵਾਦ ਦਾ ਮੁਕਾਬਲਾ ਕਰਨ ਲਈ ਤੁਹਾਨੂੰ ਲੋਕਾਂ ਦਾ ਸਹਿਯੋਗ ਚਾਹੀਦ ੈ

ਸਾਹਬ : ਹਾਂ ਉਨਕੀ ਕੋਆਪਰੇਸ਼ਨ ਕੇ ਬਗ਼ੈਰ ਹਮ ਕੈਸੇ ਕਾਮਯਾਬ ਹੋਂਗੇ ?

ਜਿੰਦਰ : ਪਰ ਲੋਕ ਸਹਿਯੋਗ ਤਾਂ ਹੀ ਦੇਣਗੇ, ਜੇ ਉਹਨਾਂ ਨੂੰ ਯਕੀਨ ਹੋਵੇ ਕਿ ਤੁਸੀਂ ਉਹਨਾਂ ਦੀ ਲੜਾਈ ਲੜ ਰਹੇ ਹੋ।

ਸਾਹਬ : ਹਮ ਤੋ ਬਰਾਬਰ ਕਹਿ ਰਹੇ ਹੈਂ ਕਿ ਹਮ, ਹਮਾਰੀ ਪੁਲੀਸ, ਆਪ ਕੀ ਲੜਾਈ ਲੜ ਰਹੀ ਹੈ। ਹਮ ਨੇ ਇਸ ਧਰਤੀ ਸੇ ਆਤੰਕਵਾਦ ਖ਼ਤਮ ਕਰਨਾ ਹੈ। ਇਸ ਧਰਤੀ ਪਰ ਤਿੰਨ ਕਿਸਮ ਕੇ ਆਤੰਕਵਾਦੀ ਹੈ। 134 ਏ ਕਲਾਸ ਹੈਂ, 406 ਬੀ ਕਲਾਸ ਹੈਂ, 786 ਸੀ ਕਲਾਸ ਹੈਂ।

ਤਾਇਆ : ਸਾਹਬ ਜੀ ਇਹ ਹਿਸਾਬ ਤੁਸੀਂ ਆਪਣੇ ਕੋਲ ਰੱਖੋ, ਸਾਨੂੰ ਇਸ ਗੱਲ ਦਾ ਵਾਸਤਾ ਨਹੀਂ ਕਿ 134 ਨੇ ਕਿ 234, 406 ਨੇ ਜਾਂ 806 ਅਸੀਂ ਤਾਂ ਸਿਰਫ ਇਹ ਕਹਿਣ ਆਏ ਹਾਂ ਕਿ ਤੁਹਾਡੀ ਪੁਲੀਸ ਕੋਈ ਸਾਡੀ ਲੜਾਈ ਨਹੀਂ ਲੜ ਰਹੀ।

ਜਿੰਦਰ : ਉਹ ਆਤੰਕਵਾਦ ਖ਼ਤਮ ਕਰਨ ਦੇ ਬਹਾਨੇ, ਸਾਡੀ ਜ਼ਿੰਦਗੀ ਵਿਚ ਦਖ਼ਲ ਅੰਦਾਜ਼ੀ ਕਰ ਰਹੀ ਹੈ, ਸਾਨੂੰ ਪਰੇਸ਼ਾਨ ਕਰ ਰਹੀ ਹੈ।

ਾਹਬ : ਕੋਈ ਖ਼ਾਸ ਇਗਜ਼ਾਂਪਲ ਹੈ ਤੋ ਬਤਾਓ।

ਾਇਆ : ਅੱਜ ਸਵੇਰੇ ਤੁਹਾਡੀ ਪੁਲੀਸ ਤਾਰੇ ਹੋਰਾਂ ਦੇ ਘਰ ਗਈ, ਉਸਦੇ ਬਾਪ ਨੂੰ ਪਕੜਲ, ਉਹਦਾ ਮਾਲ ਡੰਗਰ ਖੋਲ੍ਹਣ।

ਹਬ : ਤਾਰਾ ਸਿੰਘ ਇਕ ਖ਼ਤਰਨਾਕ ਆਤੰਕਵਾਦੀ ਹੈ, ਯੇਹ ਕਾਰਵਾਈ ਉਸਕੋ ਪਕੜਨੇ ਕੇ ਲੀਏ ਕੀ ਹੈ। ਉਸ ਕੇ ਬਾਪ ਕੋ ਥਾਣੇ ਬਿਠਾਏਂਗੇ, ਤਭੀ ਵੋਹ ਆਪਣੇ ਆਪ ਕੋ ਪੁਲੀਸ ਕੇ ਹਵਾਲੇ ਕਰੇਗਾ।

ਦਰ : ਸਾਹਬ ਵਿਧਾਨ ਦੀ ਕਿਸ ਧਾਰਾ ਵਿਚ ਲਿਖਿਆ ਹੈ ਕਿ ਅਗਰ ਕੋਈ ਮੁਜਰਮ ਨਹੀਂ ਲੱਭਦਾ, ਤਾਂ ਪੁਲਸ ਉਹਦੇ ਰਿਸ਼ਤੇਦਾਰਾਂ ਨੂੰ ਪਕੜ ਲਵੇ, ਉਹਨਾਂ ਦੇ ਮਾਲ ਡੰਗਰ ਨੂੰ ਖੋਲ੍ਹ ਕੇ ਥਾਣੇ ਲੈ ਜਾਵੇ

ਬ : ਜ਼ਰੂਰੀ ਨਹੀਂ ਕਿ ਹਰ ਇਕ ਬਾਤ ਵਿਧਾਨ ਮੇਂ ਲਿਖੀ ਹੋ।

ਰ : ਫੇਰ ਤੁਸੀਂ ਮੰਨਦੇ ਹੋ ਕਿ ਇਹ ਰਾਜ ਵਿਧਾਨ ੁਤਾਬਿਕ ਨਹੀਂ। ਤੁਸੀਂ ਮੰਨਦੇ ਹੋ ਕਿ ਇਹ ਰਾਜ ੁਲਸ ਦਾ ਹੈ,

ਬ : ਹਮ ਯੇਹ ਕੈਸੇ ਮਾਨ ਸਕਤਾ ਹੈ ? ਆਖ਼ਰ ਹਮਾਰੇ ਭੀ ਕੋਈ ਫ਼ਰਜ਼ ਹੈਂ। ਹਮਨੇ ਤੁਮਾਰੀ ਹਿਫ਼ਾਜ਼ਤ ਕਰਨੀ ਹੈ। ਚੂਨੀ ਲਾਲ ਦੀ ਹਿਫ਼ਾਜ਼ਤ ਕਰਨੀ ਹੈ। ਆਪ ਨੇ ਚੂਨੀ ਲਾਲ ਕੋ ਆਤੰਕਵਾਦੀਓਂ ਸੇ ਬਚਾਣਾ ਹੈ। ਤੁਮ ਹੀ ਬਤਾਓ, ਹਮ ਕਿਆ ਕਰੇਂ ?

ਜਿੰਦਰ : ਆਪਣੇ ਉਪਰ ਵਾਲਿਆਂ ਨੂੰ ਕਹੋ ਕਿ ਇਸ ਮਸਲੇ ਦਾ ਕੋਈ ਸਿਆਸੀ ਹਲ ਲੱਭਣ।

ਤਾਇਆ : ਸਾਹਬ ਲੋਕਾਂ ਦੀ ਜਾਨੋਮਾਲ ਦੀ ਹਿਫ਼ਾਜ਼ਤ ਕਰਨਾ ਹਰ ਇਕ ਸਰਕਾਰ ਦਾ ਫ਼ਰਜ਼ ਹੈ। ਅਸੀਂ ਆਪਣੀ ਹਿਫ਼ਾਜ਼ਤ ਮੰਗਦੇ ਹਾਂ। ਚੂਨੀ ਲਾਲ ਦੀ ਹਿਫ਼ਾਜ਼ਤ ਮੰਗਦੇ ਹਾਂ, ਜੇ ਸਰਕਾਰ ਇਹ ਨਹੀਂ ਦੇ ਸਕਦੀ ਤਾਂ ਉਹਦਾ ਸਰਕਾਰ ਕਹਿਲਾਉਣ ਦਾ ਕੋਈ ਹੱਕ ਨਹੀਂ, ਪਰ ਜਾਨੋ-ਮਾਲ ਦੀ ਹਿਫ਼ਾਜ਼ਤ ਦਾ ਇਹ ਮਤਲਬ ਨਹੀਂ ਕਿ ਲੋਕਾਂ ਦੇ ਸਾਰੇ ਜਮਹੂਰੀ ਹੱਕ ਖੋਹ ਲਵੋ। ਪੁਲਸ ਵਾਲਿਆਂ ਨੂੰ ਇਹ ਖੁਲ੍ਹ ਹੋਵੇ ਕਿ ਉਹ ਜੋ ਮਰਜ਼ੀ ਗ਼ੈਰ-ਕਨੂੰਨੀ ਕਾਰਵਾਈ ਕਰ ਸਕਣ. ਸਾਹਬ ਇਹ ਗੱਲ ਸੁਣ ਲਵੋ, ਜਿਸ ਤਰ੍ਹਾਂ ਤੁਸੀਂ ਇਸ ਮਸਲੇ ਨੂੰ ਹੱਲ ਕਰਨਾ ਚਾਹੁੰਦੇ ਹੋ, ਉਹ ਇਸ ਤਰ੍ਹਾਂ ਹੱਲ ਨਹੀਂ ਹੋ ਸਕਦਾ। ਲੋਕਾਂ ਨੂੰ ਵਿਸ਼ਵਾਸ ਵਿਚ ਲਵੋ, ਉਹਨਾਂ ਕਾਰਨਾਂ ਨੂੰ ਦੂਰ ਕਰੋ, ਜੋ ਆਤੰਕਵਾਦ ਨੂੰ ਜਨਮ ਦੇ ਦੇ ਹਨ।

ਸਾਹਬ : ਹਮ ਸਭ ਕਰਨੇ ਕੇ ਲੀਏ ਤਿਆਰ ਹੈਂ, ਮਗਰ ਪਹਿਲੇ ਇਸ ਧਰਤੀ ਪਰ ਸ਼ਾਂਤੀ ਹੋਨਾ ਚਾਹੀਏ।

ਤਾਇਆ : ਸ਼ਾਂਤੀ ਤਾਂ ਹੀ ਹੋਏਗੀ, ਜੇ ਤੁਹਾਡੇ ਵਲੋਂ ਲੋਕਾਂ ਨੂੰ ਨਾਲ ਲੈਣ ਲਈ ਕੁਝ ਲੋੜੀਂਦੇ ਕਦਮ ਚੁੱਕੇ ਜਾਣਗੇ, ਪਰ ਤੁਸੀ ਤਾਂ ਸਭ ਕੁੱਝ ਡੰਡੇ ਨਾਲ ਹਲ ਕਰਨਾ ਚਾਹੁੰਦੇ ਹੋ।

ਸਾਹਬ : ਹਮ ਚਾਹੇਂਗੇ ਐਸਾ ਨਾਂ ਹੋ, ਹਮ ਅਪਨੀ ਪੁਲੀਸ ਕੋ ਹਿਦੈਤ ਕਰੇਂਗੇ ਕਿ ਕਿ ਕਿਸੀ ਕੇ ਸਾਥ ਜ਼ਿਆਦਤੀ ਨਾ ਹੋ। ਤੁਮ ਘਰ ਪਰ ਆਰਾਮ ਸੇ ਬੈਠੋ, ਸਭ ਠੀਕ ਹੋ ਜਾਏਗਾ।

(ਲੋਕ ਵਾਪਸ ਜਾਂਦੇ ਹਨ। ਸਾਹਬ ਏਧਰ ਉਧਰ ਟਹਿਲਦਾ ਹੈ। ਫੇਰ ਥਾਣੇਦਾਰ ਨੂੰ ਬੁਲਾਉਂਦਾ ਹੈ)

ਸਾਹਬ—ਦੇਖੋ ਨਰਿੰਦਰ ਸਿੰਘ, ਤੁਮ ਇਸ ਬਾਤ ਕੋ ਟੈਕਟ-ਫੁਲੀ ਹੈਂਡਲ ਕਰੋ। ਹਮ ਰੀਜ਼ਲਟ ਚਾਹਤਾ ਹੈ। ਲੋਕ ਬੋਲਤੇ ਹੈਂ ਤੋ ਬੋਲਨੇ ਦੋ। ਤੁਮ ਆਪਣੀ ਕਾਰਵਾਈ ਜਾਰੀ ਰਖੋ (ਵਕਫ਼ਾ) ਹਮ ਸੇ ਜਵਾਬ ਮਾਂਗਤੇ ਥੇ। ਜ਼ਰੂਰੀ ਨਹੀਂ ਕਿ ਹਮ ਹਰ ਇਕ ਭੌਂਕਤੇ ਹੁਏ ਕੁੱਤੇ ਕੇ ਸਵਾਲੋਂ ਕਾ ਜਵਾਬ ਦੇਂ।

(ਸਟੇਜ ਤੋਂ ਬਾਹਰ ਜਾਂਦਾ ਹੈ)

ਪਿੱਠ ਭੂਮੀ ਤੇ ਆਵਾਜ਼ : ਹਾਹਾ ਹਾਕਮਾਂ ਦੀ ਸਦਾ ਸੋਚ ਇਕੋ,

ਬਿਨਾਂ ਡੰਡੇ ਨਾ ਕੋਈ ਇਲਾਜ ਮੀਆਂ।
ਪਰ ਲੋਕ-ਹਿੱਤ ਜਿਨ੍ਹਾਂ ਦੇ ਸੀਨੇ ਅੰਦਰ,
ਆਉਂਦੇ ਸੰਘਰਸ਼ਾਂ ਤੋਂ ਕਦੋਂ ਨੇ ਬਾਜ਼ ਮੀਆਂ।

ਸੀਨ—5

ਲੋਕ ਸੱਥ ਵਿਚ ਇਕੱਠੇ ਹੋ ਰਹੇ ਹਨ ਤੇ ਨਾਲ ਨਾਲ ਤਾਲ ਵਿਚ ਹੇਠਲੇ ਨਾਅਰੇ ਲਗ ਰਹੇ ਹਨ।

ਪਿੰਡ ਦੀ ਬਿਜਲੀ ਬੰਦ ਹੈ, ਸ਼ਾਹਬਾਂ ਨੂੰ ਕੀ, ਪਿੰਡ ਦਾ ਪਾਣੀ ਬੰਦ ਹੈ, ਸਾਹਬਾਂ ਨੂੰ ਕੀ? ਪਿੰਡਾਂ ਦੇ ਵਿਹੜੇ ਉੱਜੜ ਗਏ, ਸਾਹਬਾਂ ਨੂੰ ਕੀ, ਪਿੰਡ ਦੇ ਖੇੜੇ ਉੱਜੜ ਗਏ, ਸਾਹਬਾਂ ਨੂੰ ਕੀ? ਪਿੰਡ ਦੇ ਖੇਤ ਉਜੜ ਗਏ, ਸਾਹਬਾਂ ਨੂੰ ਕੀ, ਪਿੰਡ ਦੇ ਘਰ ਉਜੜ ਗਏ, ਸਾਹਬਾਂ ਨੂੰ ਕੀ? (ਤੇਜ਼ ਲੈਅ ਵਿਚ) ਬਿਜਲੀ ਬੰਦ ਹੈ, ਸਾਹਬਾਂ ਨੂੰ ਕੀ, ਪਾਣੀ ਬੰਦ ਹੈ, ਸਾਹਬਾਂ ਨੂੰ ਕੀ? ਖੇਤ ਉਜੜ ਗਏ, ਸਾਹਬਾਂ ਨੂੰ ਕੀ? ਘਰ ਉੱਜੜ ਗਏ, ਸਾਹਬਾਂ ਨੂੰ ਕੀ?

ਹੋਰ ਤੇਜ਼ ਲੈਅ ਵਿਚ : ਸਾਹਬਾਂ ਨੂੰ ਕੀ, ਸਾਹਬਾਂ ਨੂੰ ਕੀ, ਸਾਹਬਾਂ ਨੂੰ ਕੀ, ਸਾਹਬਾਂ ਨੂੰ ਕੀ।

ਤਾਇਆ : ਸਾਹਬਾਂ ਨੂੰ ਕੀ? ਇਹ ਠੀਕ ਹੈ ਕਿ ਇਹ ਧਰਤੀ ਉੱਜੜ ਜਾਏ, ਸਾਹਬਾਂ ਨੂੰ ਇਸਦੇ ਨਾਲ ਕੋਈ ਵਾਸਤਾ ਨਹੀਂ, ਪਰ ਸਾਡਾ ਵਾਸਤਾ ਹੈ। ਅਸੀਂ ਚੁੱਪ ਦਰਸ਼ਕ ਬਣਕੇ ਸਭ ਕੁਝ ਨਹੀਂ ਦੇਖ ਸਕਦੇ। ਸਾਨੂੰ ਇਸ ਸਾਰੀ ਹਾਲਤ ਵਿਚ ਦਖਲ-ਅੰਦਾਜ਼ੀ ਕਰਨੀ ਪਏਗੀ, ਸੱਚ ਨੂੰ ਸੱਚ ਕਹਿਣਾ ਪਏਗਾ। ਮੈਂ ਤਾਰੇ ਹੋਰਾਂ ਨੂੰ ਵੀ ਸੱਦ ਭੇਜਿਆ ਹੈ।

ਸੱਥ ਵਿਚੋਂ ਇਕ : ਕੀ ਉਹ ਆਉਣਗੇ?

ਦੂਜਾ : ਆਉਣਗੇ ਕਿਉਂ ਨਾ, ਕੀ ਲੋਕਾਂ ਦੀ ਆਵਾਜ਼ ਨੂੰ ਕੋਈ ਠੁਕਰਾ ਸਕਦੈ।

(ਭੀੜ ਵਿਚੋਂ ਹੌਲੀ ਹੌਲੀ ਘੁਸਰ ਮੁਸਰ ਹੋ ਰਹੀ ਹੈ। 'ਤਾਰਾ ਨਾ ਆਇਆ, ਤਾਰਾ ਭੁੱਲਾ ਕਿਹਦੀ ਪਰਵਾਹ ਕਰਦਾ ਹੈ, ਆਦਿਕ ਆਵਾਜ਼ਾਂ ਆ ਰਹੀਆਂ ਹਨ। ਜਦੋਂ ਤਾਰਾ ਆਪਣੇ ਦੋ ਸਾਥੀਆਂ ਨਾਲ ਆਉਂਦਾ ਹੈ ਤਾਂ ਭੀੜ ਵਿਚ ਹਰ ਇਕ ਵਲ ਵਾਰੀ ਵਾਰੀ ਦੇਖਦਾ ਹੈ, ਜਿਨ੍ਹਾਂ ਹੋਰੀਂ ਡਰਦੇ ਹਨ, ਥੋੜਾ ਜਿਹਾ ਖਿਸਕਣ ਲਗਦੇ ਹਨ। ਤਾਇਆ ਉਹਨਾਂ ਨੂੰ ਇਸ਼ਾਰੇ ਨਾਲ ਬੈਠਣ ਲਈ ਕਹਿੰਦਾ ਹੈ। ਤਾਰਾ ਤਾਏ ਦੇ ਗੋਡੀਂ ਹੱਥ ਲਾਉਂਦਾ ਹੈ। ਤਾਇਆ ਉਹਨੂੰ ਮੋਢਿਆਂ ਤੋਂ ਫੜਕੇ ਬਰਾਬਰ ਲਿਆਉਂਦਾ ਹੈ)

ਤਾਇਆ : ਤਾਰਿਆ ਪੁੱਤ, ਮੈਂ ਤੈਨੂੰ ਬੁਲਾਇਆ, ਤੂੰ ਇਥੇ ਆ ਕੇ ਮੇਰੀ ਲਾਜ ਰੱਖੀ ਹੈ, ਅਗਲੀ ਗੱਲ ਇਹ ਵੀ ਸਮਝ ਲੈ ਕਿ ਤੂੰ ਪੰਚੈਤ ਵਿਚ ਆਇਆ ਏਂ, ਇਥੇ ਹਰ ਇਕ ਨੂੰ ਆਪਣੀ ਗੱਲ ਕਹਿਣ ਦਾ ਹੱਕ ਹੈ ਤੇ ਕਿਸੇ ਵਲੋਂ ਵੀ ਕੋਈ ਧੱਕਾ ਬਰਦਾਸ਼ਤ ਨਹੀਂ ਹੋਏਗਾ।

ਤਾਰਾ : ਠੀਕ ਏ।

ਤਾਇਆ : ਤੇ ਕੋਈ ਐਸਾ ਨਾਹਰਾ ਨਹੀਂ ਲੱਗੇਗਾ, ਜੋ ਦੂਜਿਆਂ ਦਾ ਦਿਲ ਦੁਖਾਂਦਾ ਹੈ।

ਤਾਰਾ : ਠੀਕ ਏ।

ਤਾਇਆ : ਮੈਂ ਇਥੇ ਇਕ ਵਾਰੀ ਸਾਰੇ ਲੋਕਾਂ ਦਾ ਸਵਾਗਤ ਕਰਨਾ ਹਾਂ। ਬੜੇ ਸਾਲਾਂ ਬਾਅਦ ਅੱਜ ਅਸੀਂ ਫੇਰ ਸਾਰੇ ਇਕੱਠੇ ਬੈਠੇ ਹਾਂ। ਇਹਨ੍ਹਾਂ ਸਾਲਾਂ ਵਿਚ ਇਸ ਧਰਤੀ ਤੇ ਬਹੁਤ ਕੁੱਝ ਵਾਪਰ ਗਿਆ ਏ। ਹਜ਼ਾਰਾਂ ਕੀਮਤੀ ਜਾਨਾਂ ਚਲੀਆਂ ਗਈਆਂ ਹਨ। ਪਵਿੱਤ੍ਰ ਥਾਂਵਾਂ ਦੀ ਬੇਪੱਤੀ ਹੋਈ ਹੈ, ਉਹ ਢਹਿ ਢੇਰੀ ਹੋਈਆਂ ਹਨ। ਸਾਡੇ ਲੋਕ ਜੋ ਉਸ ਧਰਤੀ ਤੋਂ ਬਾਹਰ ਰਹਿੰਦੇ ਹਨ, ਉਹਨਾਂ ਨੂੰ ਬੜੀਆਂ ਹੀ ਮੁਸੀਬਤਾਂ ਝਲਣੀਆਂ ਪਈਆਂ ਹਨ। ਇਸੇ ਤਰ੍ਹਾਂ ਇਸ ਧਰਤੀ ਤੇ ਰਹਿਣ ਵਾਲੇ ਇਕ ਧਰਮ ਦੇ ਲੋਕਾਂ ਨੂੰ ਬੜੇ ਡਰ ਅਤੇ ਸਹਿਮ ਵਿਚ ਜ਼ਿੰਦਗੀ ਗੁਜ਼ਾਰਨੀ ਪੈ ਰਹੀ ਹੈ। ਬਹੁਤਿਆਂ ਨੂੰ ਆਪਣੇ ਘਰ ਬਾਰ ਛੱਡਕੇ ਜਾਣਾ ਪਿਆ ਹੈ। ਅਸੀਂ ਜਦੋਂ ਇਕ ਧਿਰ ਤੇ ਇਲਜ਼ਾਮ ਦੀ ਉਂਗਲ ਰਖਦੇ ਹਾਂ ਤਾਂ ਉਹ ਧਿਰ ਦੂਜੀ ਧਿਰ ਤੇ ਉਂਗਲ ਰਖਦੀ ਹੈ। ਇਸ ਤਰ੍ਹਾਂ ਸਾਡੇ ਵਿਚ ਆਪਸੀ ਦੁਫੇੜ ਪੈਂਦੀ ਹੈ। ਜਦੋਂ ਸਾਡੇ ਵਿਚ ਇਤਫਾਕ ਨਹੀਂ ਤਾਂ ਉਹੀ ਲੋਕ ਜਿਨ੍ਹਾਂ ਨੂੰ ਸਾਡੀ ਤਰੱਕੀ ਇਕ ਅੱਖ ਨਹੀਂ ਭਾਉਂਦੀ, ਉਹਨਾਂ ਦੀ ਚੜ੍ਹ ਮੱਚਦੀ ਹੈ। ਸਾਡੇ ਉਤੇ ਸਾਹਬਾਂ ਦਾ ਰਾਜ ਮੜ੍ਹਿਆ ਗਿਆ ਹੈ। ਜਿਸਤਰ੍ਹਾਂ, ਹੁਣੇ ਨਾਅਰੇ ਲੱਗ ਰਹੇ ਸਨ, ਸਾਡੀਆਂ ਮੁਸੀਬਤਾਂ ਨਾਲ ਸਾਹਬਾਂ ਦਾ ਕੋਈ ਵਾਸਤਾ ਨਹੀਂ। ਸਾਨੂੰ ਇਹ ਰਾਜ ਖ਼ਤਮ ਕਰਨਾ ਪਏਗਾ ਤੇ ਉਹ ਕਾਰਨ ਵੀ ਖ਼ਤਮ ਕਰਨੇ ਪੈਣਗੇ, ਜਿਨ੍ਹਾਂ ਦਾ ਬਹਾਨਾ ਲਗਾਕੇ ਇਹ ਰਾਜ ਇਥੇ ਆਇਆ ਹੈ। ਤਾਰਿਆ ਤੂੰ ਸਾਰੀ ਗੱਲ ਸਮਝ ਰਿਹੈਂ। ਬਹੁਤੀਆਂ ਗੱਲਾਂ ਤੇਰੇ ਸਮਝਣ ਵਾਲੀਆਂ ਹਨ।

ਤਾਰਾ : ਮੈਂ ਸਮਝ ਰਿਹੈਂ, ਪਰ ਤੁਸੀਂ ਦੱਸੋ ਮੈਂ ਕੀ ਕਰਾਂ? ਕੀ ਮੈਂ ਉਹਨਾਂ ਅੱਗੇ ਗੋਡੇ ਟੇਕ ਦੇਵਾਂ? ਕੀ ਮੈਂ ਆਪਣੇ ਆਪ ਨੂੰ ਬੁੱਚੜਾਂ ਦੇ ਹਵਾਲੇ ਕਰ ਦੇਵਾਂ ਤਾਂ ਜੋ ਉਹ ਮੈਨੂੰ ਕੋਹ ਕੋਹ ਕੇ ਮਾਰ ਦੇਣ, ਕਿਸੇ ਪੁਲ ਤੇ ਮੁਕਾਬਲਾ ਦੱਸਕੇ ਮੇਰੀ ਲਾਸ਼ ਕੁੱਤਿਆਂ ਅੱਗੇ ਪਾ ਦੇਣ।

ਤਾਇਆ : ਇਹਦੇ ਬਾਰੇ ਅਸੀਂ ਫੇਰ ਵੀ ਸੋਚ ਸਕਦੇ ਹਾਂ, ਅਸੀਂ ਵੀ ਨਹੀਂ ਚਾਹਵਾਂਗੇ ਕਿ ਤੂੰ ਗੋਡੇ ਟੇਕੇਂ ਜਾਂ ਜ਼ਲੀਲ ਹੋਵੇਂ, ਪਰ ਪਹਿਲਾਂ ਤੈਨੂੰ ਸਾਡੀ ਇਕ

ਗੱਲ ਮੰਨਣੀ ਪਵੇਗੀ ।

ਤਾਰਾ : ਦਸੋ

ਤਾਇਆ : ਤੈਨੂੰ ਇਹ ਮਾਰ ਧਾੜ ਛੱਡਣੀ ਪਵੇਗੀ ।

ਤਾਰਾ : ਮੈਂ ਕੋਈ ਸ਼ੌਕ ਨਾਲ ਤਾਂ ਨਹੀਂ ਕਰਦਾ :

ਤਾਇਆ : ਸ਼ੌਕ ਨਾਲ ਕਰਨਾ ਏਂ, ਜਾਂ ਮਜ਼ਬੂਰਨ ਕਰਨਾ ਏਂ, ਇਸ ਬਾਰੇ ਵੀ ਵਿਚਾਰਿਆ ਜਾ ਸਕਦੈ ਪਰ ਇਹ ਮਾਰ ਧਾੜ ਤੈਨੂੰ ਇਕ ਦਮ ਬੰਦ ਕਰਨੀ ਪਵੇਗੀ ।

ਤਾਰਾ : ਕੀ ਤੁਸੀਂ ਗਰੰਟੀ ਕਰਦੇ ਹੋ, ਜੇਕਰ ਅਸੀਂ ਇਹ ਬੰਦ ਕਰ ਦੇਈਏ ਸਾਨੂੰ ਇਥੇ ਅਮਨ ਚੈਨ ਨਾਲ ਰਹਿਣ ਦਿਤਾ ਜਾਏਗਾ । ਸਾਡੀਆਂ ਘੱਟ ਤੋਂ ਘੱਟ ਮੰਗਾਂ ਮੰਨੀਆਂ ਜਾਣਗੀਆਂ ।

ਤਾਇਆ : ਅਸੀਂ ਇਹ ਗਰੰਟੀ ਦੇਣ ਵਾਲੇ ਕੌਣ ਹਾਂ ? ਹਾਂ ਜੇਕਰ ਤੂੰ ਸਾਡੀ ਗੱਲ ਮੰਨੇਗਾ ਤਾਂ ਅਸੀਂ ਇਕ ਆਵਾਜ਼ ਹੋ ਕੇ ਇਹ ਮੰਗ ਕਰਾਂਗੇ ਕਿ ਹਾਲਾਤ ਐਸੇ ਬਣਾਏ ਜਾਣ ਕਿ ਇਥੇ ਸਾਰੇ ਅਮਨ ਚੈਨ ਨਾਲ ਰਹੀਏ ।

ਗਿਆਨੀ : ਮੈਂ ਜਦੋਂ ਸਰਕਾਰ ਦਾ ਮੁਖੀ ਸਾਂ ਤਾਂ ਮੈਂ ਤਾਰੇ ਹੋਰਾਂ ਨੂੰ ਪੇਸ਼ਕਸ ਕੀਤੀ ਸੀ ਕਿ ਜੇ ਉਹ ਹਥਿਆਰ ਸੁੱਟਕੇ ਅਮਨ ਚੈਨ ਨਾਲ ਰਹਿਣਾ ਚਾਹੁਣ ਤਾਂ ਮੇਰੀ ਸਰਕਾਰ ਇਸ ਵਿਚ ਪੂਰੀ ਸਹਾਇਤਾ ਦੇਵੇਗੀ ।

ਆਲਾ ਸਿੰਘ : ਤੂੰ ਗਿਆਨੀ ਰਹਿਣ ਦੇ, ਤੇਰੀ ਗੱਲ ਕੌਣ ਸੁਣਦਾ ਸੀ, ਤੇਰੀ ਡੋਰ ਤਾਂ ਦੂਰ ਬੈਠੇ ਖਿਚਦੇ ਸਨ ।

ਤਾਰਾ : ਤੂੰ ਜਦੋਂ ਕੁਰਸੀ 'ਤੇ ਬੈਠਾ ਸੀ ਤਾਂ ਇਹ ਏਲਾਨ ਕੀਤਾ ਸੀ ਕਿ ਜੇਲ੍ਹਾਂ ਡੱਕੇ ਸਾਡੇ ਸਾਥੀ ਜੇਲ੍ਹਾਂ ਵਿਚੋਂ ਬਾਹਰ ਲਿਆਂਦੇ ਜਾਣਗੇ, ਪਰ ਕੀ ਹੋਇਆ ਉਸ ਏਲਾਨ ਦਾ ?

ਗਿਆਨੀ : ਮੈਂ ਕੀ ਕਰਦਾਂ, ਇਥੇ ਮਾਰ ਧਾੜ ਬੰਦ ਹੁੰਦੀ ਤਾਂ ਮੈਂ ਅਗਲਿਆਂ ਉਤੇ ਜ਼ੋਰ ਪਾ ਸਕਦਾ ਸਾਂ ।

ਤਾਰਾ : ਇਹ ਤਾਂ ਐਵੇਂ ਕਹਿਣ ਦੀਆਂ ਗੱਲਾਂ ਨੇ, ਜੇ ਤੂੰ ਕਰਨ ਜੋਗਾ ਹੁੰਦਾ ਤਾਂ ਕਰਦਾ ਨਾ ?

ਤਾਇਆ : ਠੀਕ ਕਹਿੰਦਾ ਏ ਤਾਰਾ, ਜੇ ਗਿਆਨੀ ਤਕੜਾ ਹੋ ਕੇ ਖਲੋਂਦਾ ਤਾਂ ਮਸਲਾ ਹੱਲ ਹੋ ਜਾਣਾ ਸੀ ।

ਆਲਾ ਸਿੰਘ : ਤਕੜਾ ਹੋ ਕੇ ਕਿਵੇਂ ਖਲੋਂਦਾ ? ਇਹਨੂੰ ਤਾਂ ਆਪਣੀ ਕੁਰਸੀ ਪਿਆਰੀ ਸੀ । ਅਗਲਿਆਂ ਤ੍ਰੀਖ ਮਿੱਥ ਕੇ ਸਾਡੀ ਚੀਜ਼ ਸਾਡੇ ਹਵਾਲੇ ਨਾ ਕੀਤੀ । ਗਿਆਨੀ ਫੋਕੀਆਂ ਧਮਕੀਆਂ ਹੀ ਦੇਂਦਾ ਰਿਹਾ, ਮਾਰਦਾ ਖਾਂ ਉਸ ਵੇਲੇ ਕੁਰਸੀ ਨੂੰ ਲੱਤ, ਅਗਲਿਆਂ ਨੂੰ ਪਤਾ ਲਗਦੈ ਕਿ ਕੋਈ ਅਣਖ ਵਾਲੇ ਬੰਦੇ ਇਥੇ ਵਸਦੇ ਨੇ ।

ਗਿਆਨੀ : ਤੂੰ ਬਹਿ ਜਾ ਵੱਡੀ ਅਣਖ ਵਾਲਾ, ਮੈਥੋਂ ਭੁਲਿਆ ਨਹੀਂ ।

ਆਲਾ ਸਿੰਘ : ਬਹਿ ਕਿਉਂ ਜਾਵਾਂ, ਸੱਚੀ ਗੱਲ ਕੌੜੀ ਲੱਗਦੀ ਏ, ਦੁਨੀਆ ਜਾਣਦੀ ਏ ਕਿ ਤੁਸੀਂ ਕੁਰਸੀ ਨੂੰ ਚਿੱਚੜ ਵਾਂਗ ਚੰਮੜੇ ਰਹੇ, ਕਿਉਂਕਿ ਗੱਫੇ ਸਮੇਟਨ ਨੂੰ ਮਿਲਦੇ ਸਨ । ਅਗਲਿਆਂ ਵੀ ਜਿੰਨੀ ਦੇਰ ਵਰਤਨਾ ਸੀ ਵਰਤ ਲਿਆ ਤੇ ਫੇਰ ਢੂੰਗੇ ਤੇ ਮਾਰੀ ਲੱਤ, ਹੁਣ ਹੱਥ ਲਾ ਲਾ ਕੇ ਪਿਆ ਵੇਖਦੈ(ਗਿਆਨੀ ਘੂਰਦਾ ਹੈ) ਨਾ ਮੈਨੂੰ ਘੂਰੀਆਂ ਨਾਲ ਨਾ ਡਰਾ, ਮੈਂ ਨਹੀਂ ਕਿਸੇ ਕੋਲੋਂ ਡਰਨ ਵਾਲਾ ਆਹੋ ।

ਤਾਇਆ : ਹਲਾ ਆਲਾ ਸਿਆਂ ਬਹਿਜਾ, ਕੋਈ ਨਹੀਂ ਕਹਿੰਦਾ ਤੈਨੂੰ, ਹਾਂ ਤਾਰੇ ਦਸ ਤੇਰਾ ਕੀ ਵਿਚਾਰ ਏ ?

ਤਾਰਾ : ਵਿਚਾਰ ਤਾਂ ਮੈਂ ਆਪਣੇ ਸਾਥੀਆਂ ਨਾਲ ਸਲਾਹ ਕਰਕੇ ਹੀ ਦਸ ਸਕਦਾ ਹਾਂ, ਪਰ ਇਕ ਗੱਲ ਦਾ ਯਕੀਨ ਦਿਵਾ ਸਕਦਾ ਹਾਂ ਕਿ ਅਸੀਂ ਆਪਣੇ ਲੋਕਾਂ ਤੋਂ ਕੋਈ ਬਾਹਰੇ ਨਹੀਂ ਹਾਂ ਇਕ ਗੱਲ ਮੈਂ ਸਾਫ ਕਰ ਦੇਵਾਂ ਕਿ ਚੂਨੀ ਸ਼ਾਹ ਹੋਰਾਂ ਇਥੇ ਰਹਿਣਾ ਏ,ਤਾਂ ਧਰਤੀ ਦਾ ਬਣਕੇ ਰਹਿਣ ।

ਤਾਇਆ : ਇਹ ਗੱਲ ਹੁਣ ਤੂੰ ਸਾਡੇ ਤੇ ਰਹਿਣ ਦੇ । ਤੇਰਾ ਕੋਈ ਧਮਕੀ ਦੇਣਾ ਨਹੀਂ ਬਣਦਾ ਕੋਈ ਕਿਸ ਤਰ੍ਹਾਂ ਰਹੇ ।

ਚੂਨੀ ਲਾਲ : ਜੇ ਤਾਰੇ ਹੋਰੀਂ ਲੋਕਾਂ ਤੋਂ ਕੋਈ ਬਾਹਰੇ ਨਹੀਂ ਤਾਂ ਅਸੀਂ ਕਿਉਂ ਬਾਹਰਾ ਹੋਵਾਂਗੇ । ਇਹ ਧਰਤੀ ਖੁਸ਼ਹਾਲ ਹੋਵੇਗੀ ਤੇ ਅਸੀਂ ਵੀ ਖੁਸ਼ਹਾਲ ਹੋਵਾਂਗੇ । ਧਰਤੀ ਦੇ ਹਰ ਸਾਂਝੇ ਕੰਮ ਲਈ ਸਾਰਿਆਂ ਦੇ ਨਾਲ ਹਾਂ ।

ਤਾਇਆ : ਚੂਨੀ ਲਾਲਾ, ਤੇਰੀ ਗੱਲ ਚੰਗੀ ਲੱਗੀ, ਸਾਡੇ ਸਾਰਿਆਂ ਕੋਲੋਂ ਬਹੁਤ ਗ਼ਲਤੀਆਂ ਹੋਈਆਂ ਨੇ । ਨਫਰਤ ਨਾਲ ਹੀ ਅਗੋਂ ਨਫਰਤ ਫੈਲਦੀ ਹੈ । ਅਸੀਂ ਬਹੁਤ ਨੁਕਸਾਨ ਝੱਲਿਆ ਏ । ਹਰ ਘਰ ਵਿਚ ਕਿਸੇ ਨਾ ਕਿਸੇ ਦੁੱਖ ਦੀ ਕਹਾਣੀ ਏ ।

ਆਲਾ ਸਿੰਘ : ਇਹ ਕੁਝ ਜੀਪਾਂ ਏਧਰ ਆ ਰਹੀਆਂ ਨੇ, ਸ਼ਾਇਦ ਪੁਲਸ ਏ ।

ਤਾਇਆ : ਕੋਈ ਨਹੀਂ ਤਾਰਿਆ ਤੁਸੀਂ ਏਧਰੋਂ ਬਾਹਰ ਚਲੇ ਜਾਓ, ਉਹਨਾਂ ਨਾਲ ਅਸੀਂ ਆਪੇ ਗੱਲ ਕਰ ਲਵਾਂਗੇ ।

(ਤਾਰੇ ਹੋਰੀ ਜਾਂਦੇ ਹਨ । ਥਾਨੇਦਾਰ ਤੇ ਸਿਪਾਹੀ ਆਂਦੇ ਹਨ)

ਥਾਨੇਦਾਰ : ਕੀ ਤਾਰਾ ਸਿੰਘ ਅਤਿਵਾਦੀ ਇਥੇ ਆਇਆ ਸੀ ।

ਤਾਇਆ : ਹਾਂ ਆਇਆ ਸੀ, ਅਸੀਂ ਬੁਲਾਇਆ ਸੀ ।

ਥਾਨੇਦਾਰ : ਕਿਥੇ ਚਲਾ ਗਿਆ ?

ਤਾਇਆ : ਜਿਧਰੋਂ ਆਇਆ ਸੀ ।

ਥਾਨੇਦਾਰ : ਤੁਸੀਂ ਪਕੜਿਆ ਕਿਉਂ ਨਹੀਂ ?

ਤਾਇਆ : ਕਿਉਂਕਿ ਅਸੀਂ ਪਕੜਣਾ ਨਹੀਂ ਚਾਹੁੰਦੇ ਸੀ ।

ਥਾਨੇਦਾਰ : ਤੁਹਾਨੂੰ ਪਤਾ ਨਹੀਂ ਕਿ ਉਸਦੇ ਸਿਰ ਤੇ ਇਕ ਲੱਖ ਦਾ ਇਨਾਮ ਏ।

ਤਾਇਆ : ਅਸੀਂ ਇਹ ਇਨਾਮ ਨਹੀਂ ਲੈਣਾ ਚਾਹੁੰਦੇ, ਅਸੀਂ ਮਸਲੇ ਦਾ ਹੱਲ ਕਰਨਾ ਚਾਹੁੰਦੇ ਹਾਂ।

ਥਾਨੇਦਾਰ : ਇਸਦਾ ਮਤਲਬ ਹੈ ਕਿ ਤੁਸੀਂ ਉਸਨੂੰ ਪਨਾਹ ਦਿੰਦੀ ਹੈ।

ਤਾਇਆ : ਇਸ ਤਰ੍ਹਾਂ ਹੀ ਸਮਝ ਲਵੋ।

ਥਾਨੇਦਾਰ : ਤੁਹਾਨੂੰ ਸਭ ਨੂੰ ਗ੍ਰਿਫਤਾਰ ਕੀਤਾ ਜਾਂਦਾ ਹੈ।

ਤਾਇਆ : ਇਸਦੇ ਨਾਲ ਕੀ ਫਰਕ ਪੈਂਦਾ ਹੈ।

ਥਾਨੇਦਾਰ : ਚੂਨੀ ਲਾਲ ਤੂੰ ਇਕ ਪਾਸੇ ਹੋ ਜਾ।

ਚੂਨੀ ਲਾਲ : ਕਿਉਂ ਮੈਂ ਕਿਉਂ ਇਕ ਪਾਸੇ ਹੋ ਜਾਵਾਂ, ਮੈਂ ਵੀ ਇਹਨਾਂ ਦੇ ਨਾਲ ਹਾਂ।

ਥਾਨੇਦਾਰ : ਤੈਨੂੰ ਨਹੀਂ ਪਤਾ, ਤਾਰਾ ਸਿੰਘ ਨੇ ਤੇਰਾ ਭਰਾ ਮਾਰਿਆ ਸੀ। ਤੈਨੂੰ ਘਰ ਛੱਡ ਜਾਣ ਦੀ ਧਮਕੀ ਦਿੱਤੀ ਸੀ।

ਚੂਨੀ ਲਾਲ : ਜਾਣਦਾ ਹਾਂ ਤੇ ਇਹ ਵੀ ਜਾਣਦਾ ਹਾਂ ਕਿ ਜਦੋਂ ਕੋਈ ਆਪਣਾ ਮਰ ਜਾਏ ਤਾਂ ਕਿੰਨਾ ਦੁੱਖ ਹੁੰਦਾ ਏ। ਮੈਂ ਨਹੀਂ ਚਾਹੁੰਦਾ ਕਿ ਇਸ ਧਰਤੀ ਤੇ ਕੋਈ ਹੋਰ ਮਰੇ। ਗਿਰਫਤਾਰ ਹੀ ਕਰਨਾ ਏ, ਤਾਂ ਮੈਨੂੰ ਸਾਰਿਆਂ ਨਾਲੋਂ ਪਹਿਲੇ ਕਰੋ (ਹੱਥ ਝਟਕੇ ਨਾਲ ਉੱਚੇ ਕਰਦਾ ਹੈ)।

ਤਾਇਆ : ਕੱਲੇ ਨੂੰ ਕਿਉਂ ਸਾਰਿਆਂ ਨੂੰ ਲਗਾਉ।

(ਵਾਰੀ ਵਾਰੀ ਹੱਥ ਚੁੱਕਦੇ ਹਨ ਜੋ ਹੱਥਕੜੀਆਂ ਲਗਾਉਣ ਵਾਲੀ ਮੁਦਰਾ ਵਿਚ ਹਨ ਤੇ ਚੈਲਿੰਜ ਦੋਨੋਂ ਦੀਆਂ ਮੁਦਰਾ ਵਿਚ ਹਨ। ਥਾਨੇਦਾਰ ਘਬਰਾਂਦਾ ਹੈ, ਸਾਹਬ ਆਂਦਾ ਹੈ।)

ਸਾਹਬ : ਕਿਉਂ ਪਕੜਾ ਗਿਆ ਤਾਰਾ ਸਿੰਘ ?

ਥਾਨੇਦਾਰ : ਸਾਹਬ, ਇਥੇ ਤਾਂ ਹਰ ਵਿਅਕਤੀ ਤਾਰਾ ਬਣ ਚੁਕਿਆ ਏ।

ਤਾਇਆ : ਨਹੀਂ ਥਾਨੇਦਾਰ ਸਾਹਬ, ਇਹੋ ਤੁਹਾਡੀ ਨਜ਼ਰ ਦਾ ਫਰਕ ਏ। ਸਾਡੇ ਵਿਚ ਹੁਣ ਕੋਈ ਤਾਰਾ ਨਹੀਂ। ਅਸੀਂ। ਸਾਰੇ ਇਕੱਠੇ ਹਾਂ ਤੇ ਸਾਡਾ ਇਹ ਵੀ ਫੈਸਲਾ ਏ, ਕਿ ਆਪਣੀ ਧਰਤੀ ਤੇ ਰਾਜ ਅਸੀਂ ਆਪ ਕਰਾਂਗੇ। ਤੁਹਾਡੇ ਰਾਜ ਬਰਦਾਸ਼ਤ ਨਹੀਂ ਕਰਾਂਗੇ।

(ਇਕ ਖ਼ਾਸ ਜੋਸ਼ ਵਾਲੀ ਮੁਦਰਾ ਵਿਚ ਫਰੀਜ਼ ਹੁੰਦੇ ਹਨ)।

ਪਿੱਠ ਭੂਮੀ ਤੇ ਗੀਤ ਦੇ ਬੋਲ :

ਜਾਗ ਪਏ ਧਰਤੀ ਦੇ ਪੁੱਤ ਸਾਰੇ,
ਸਾਂਝਾਂ ਨਵੀਆਂ ਉਹਨਾਂ ਨੇ ਪਾਈਆਂ ਨੇ,
ਰਾਜ ਆਪਣੀ ਧਰਤੀ ਤੇ ਹੈ, ਆਪ ਕਰਨਾ,
ਆਸਾਂ ਨਵੀਆਂ ਉਹਨੇ ਲਾਈਆਂ ਨੇ।

(ਗੀਤ ਦੀ ਲੈਅ ਤੇਜ਼ ਹੁੰਦੀ ਹੈ। ਨਾਟਕ ਸਮਾਪਤ ਹੁੰਦਾ ਹੈ।)

ਕਹਾਣੀ

# ਲਾਸ਼

**ਮਿੱਤਰ ਸੈਨ ਮੀਤ**

ਅੱਜ ਕੱਲ੍ਹ ਦੇ ਬਲਦੇ ਦਿਨਾਂ ਵਿਚ ਬਲਦੇਵ ਨੂੰ ਚੰਡੀਗੜ੍ਹ ਗਿਆਂ ਪੰਜਵਾਂ ਦਿਨ ਸੀ। ਨਾ ਕੋਈ ਸੁੱਖ ਸੁਨੇਹਾ ਨਾ ਖ਼ਬਰ ਸਾਰ। ਉਡੀਕ ਉਡੀਕ ਸਾਰੇ ਟੱਬਰ ਦੀਆਂ ਅੱਖਾਂ ਪੱਕ ਗਈਆਂ ਸਨ।

ਦੇਵੀ ਦੇਵਤਿਆਂ ਦੀਆਂ ਤਸਵੀਰਾਂ ਦੀਆਂ ਤਸਵੀਰਾਂ ਅੱਗੇ ਮੱਥੇ ਰਗੜਦੀ, ਟਲੀਆਂ ਵਜਾਉਂਦੀ, ਪੀਰਾਂ ਫਕੀਰਾਂ ਨੂੰ ਧਿਆਉਂਦੀ ਅਤੇ ਸਾਰਾ ਦਿਨ ਮਾਲਾ ਦੇ ਮਣਕੇ ਫੇਰਦੀ ਫੇਰਦੀ ਬੁੱਢੀ ਮਾਂ ਆਪਣੇ ਆਪ ਉੱਤੇ ਅਤੇ ਆਪਣੇ ਦੇਵਤਿਆਂ ਤੇ ਖਿੱਝ ਖਿੱਝ ਪੈਂਦੀ ਉਸ ਚੰਦਰੀ ਦੀ ਜ਼ਿੱਦ ਨੇ ਹੀ ਬਲਦੇਵ ਨੂੰ ਚੁਰਾਸੀ ਦੇ ਚੱਕਰ ਵਿਚ ਪਾਇਆ ਸੀ। ਬੁੱਢੀ ਨੂੰ ਸਮਝ ਨਹੀਂ ਸੀ ਆ ਰਹੀ ਰਾਧੇ ਪੰਡਤ ਦੇ ਉਪਾਅ, ਸ਼ਾਸ਼ਤਰੀ ਦੇ ਤਬੀਤ, ਆਥਣ ਉਗਣ ਦੇ ਪਾਠ, ਪੀਰਾਂ ਫਕੀਰਾਂ, ਅਤੇ ਦੇਵੀ ਦੇਵਤਿਆਂ ਦੀਆਂ ਸੁੱਖਾਂ ਰਾਸ ਕਿਉਂ ਨਹੀਂ ਸੀ ਆ ਰਹੀਆਂ। ਕੰਨਾਂ ਨੂੰ ਹੱਥ ਲਾਏ। ਇਕ ਵਾਰ ਸੁੱਖ ਸਾਂਦ ਨਾਲ ਘਰ ਆ ਜਾਵੇ ਮੁੜ ਕਦੇ ਉਹ ਬਲਦੇਵ ਨੂੰ ਬਦਲੀ ਕੈਂਸਲ ਕਰਾਉਣ ਲਈ ਨਹੀਂ ਘਲੇਗੀ।

ਕਿਸ ਨੂੰ ਪਤਾ ਹੈ ਸਵੇਰੇ ਸਹੀ ਸਲਾਮਤ ਘਰੋਂ ਨਿਕਲਿਆ ਉਹ ਸ਼ਾਮ ਨੂੰ ਘਰੇ ਮੁੜੇਗਾ ਵੀ ਕਿ ਨਹੀਂ ? ਕੀ ਪਤੈ ਕਿਸ ਮੋੜ ਤੇ ਬੱਸ ਰੋਕ ਲਈ ਜਾਵੇ ? ਮਨ ਮਰਜ਼ੀ ਦੇ ਬੰਦਿਆਂ ਨੂੰ ਉਤਾਰ ਲਿਆ ਜਾਵੇ ਅਤੇ ਬਾਲ ਬੱਚਿਆਂ ਦੇ ਦੇਖਦੇ ਉਹਨਾਂ ਦੇ ਖੂਨ ਨਾਲ ਹੋਲੀ ਖੇਡ ਲਈ ਜਾਵੇ। ਕੀ ਪਤਾ ਕਿਸ ਪੁਲ ਤੇ ਸੀ.ਆਰ.ਪੀ. ਕਿਸੇ ਨੂੰ ਰੁਕਣ ਦਾ ਇਸ਼ਾਰਾ ਕਰੇ ? ਉਹ ਘੱਟ ਬਰੇਕਾਂ ਕਰਕੇ ਅੱਗੇ ਲੰਘਣ ਦੀ ਗੁਸਤਾਖ਼ੀ ਕਰਕੇ ਉਹਨਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋ ਜਾਵੇ ਅਤੇ ਆਪਣਾ ਨਾਂ 'ਖੌਫ਼ਨਾਮ' ਅਤਿਵਾਦੀਆਂ ਵਿਚ ਲਿਖਵਾ ਬਹੇ।

ਇਸੇ ਮਾਨਸਿਕਤਾ ਦੀ ਸ਼ਿਕਾਰ ਚੰਨੀ ਬਿੰਦੇ ਬਟੇ ਦੇਹਲੀਆਂ 'ਚ ਆ ਖਲੋਂਦੀ ਅਤੇ ਆਪਣੇ ਆਪ ਨੂੰ ਕੋਸਣ ਲੱਗਦੀ। ਜੇ ਕਿਧਰੇ ਪਿਓ ਵਰਗੇ ਵੀਰੇ ਨੂੰ ਕੁਝ ਹੋ ਗਿਆ ਤਾਂ ਸਾਰਾ ਠੂਣਾ ਉਸ ਕਲਮੂੰਹੀਂ ਦੇ ਸਿਰ ਹੀ ਫੁੱਟਣਾ ਹੈ, ਉਹਨੇ ਆਪਣੇ ਮੋਏ ਪੁੱਤਰੀ ਅਤੇ ਛੇ ਮਹੀਨਿਆਂ ਦੀ ਬੱਚੀ ਦੇ ਵਾਸਤੇ ਪਾ ਕੇ ਉਸ ਨੂੰ ਤਰਨ ਤਾਰਨ ਡਿਊਟੀ ਤੇ ਹਾਜ਼ਰ ਹੋਣ ਤੋਂ ਰੋਕਿਆ ਸੀ। ਹਾਲੇ ਤਾਂ ਸਤਿੰਦਰ ਦਾ ਸਿਵਾ ਵੀ ਠੰਡਾ ਨਹੀਂ ਸੀ।

ਹੋਇਆ ਕਿਧਰੇ ਹੋਰ ਸਿਵਾ ਬਲ ਉਠਿਆ ਫੇਰ ਕੀ ਬਣੇਗਾ ? ਉਸਦਾ, ਉਸਦੀ ਦੁੱਧ ਚੁੰਘਦੀ ਬੱਚੀ ਦਾ, ਬੁੱਢੀ ਮਾਂ ਦਾ ਅਤੇ ਬਲਦੇਵ ਦੇ ਆਪਣੇ ਬੱਚਿਆਂ ਦਾ ਕੀ ਬਣੇਗਾ ? ਸਤਿੰਦਰ ਦੇ ਮਰਦਿਆਂ ਹੀ ਉਹਨਾਂ ਦਾ ਵੱਸਦਾ ਰਸਦਾ ਘਰ ਖੇਰੂੰ ਖੇਰੂੰ ਹੋ ਗਿਆ । ਬੁੱਢਾ ਸੌਹਰਾ ਕਰਫਿਊ ਵਿਚ ਦਮ ਤੋੜ ਗਿਆ । ਨਿੱਤ ਦੀਆਂ ਧਮਕੀਆਂ ਤੋਂ ਤੰਗ ਆ ਕੇ ਉਸ ਦਾ ਜੇਠ ਘਰ ਨੂੰ ਜਿੰਦਾ ਲਾ ਕੇ ਦਿੱਲੀ ਦੇ ਕਿਸੇ ਮੰਦਰ ਵਿਚ ਜਾ ਬੈਠਾ । ਉਸ ਕੋਲ ਆਪਣੇ ਟੱਬਰ ਦਾ ਢਿੱਡ ਭਰਨ ਦਾ ਵਸੀਲਾ ਨਹੀਂ । ਉਹ ਵਿਧਵਾ ਭਰਜਾਈ ਅਤੇ ਬੱਚੀ ਦਾ ਭਾਰ ਨੂੰ ਕਿਵੇਂ ਢੋਏ । ਹੱਥ 'ਚ ਵੀਹ ਹਜ਼ਾਰ ਦਾ ਸਰਕਾਰੀ ਚੈੱਕ ਅਤੇ ਕੁੱਛੜ 'ਚ ਬੱਚੀ ਚੁੱਕੀ ਉਹ ਬਲਦੇਵ ਦਾ ਦਰਵਾਜ਼ਾ ਨਾ ਖੜਕਾਉਂਦੀ ਤਾਂ ਕਿੱਧਰ ਜਾਂਦੀ ? ਉਸ ਦੇ ਨਿੱਤ ਦੇ ਕੀਰਨਿਆਂ ਨੇ ਹੀ ਬਲਦੇਵ ਨੂੰ ਚੰਡੀਗੜ੍ਹ ਤੋਰਿਆ ਸੀ। ਉਸਦਾ ਕਾਲਾ ਪਰਛਾਵਾਂ ਕਿਧਰੇ ਬਲਦੇਵ ਨੂੰ ਵੀ ਵਲੂੰਦਰ ਗਿਆ ਤਾਂ ਉਹ ਕਿਸੇ ਦੇ ਮੂੰਹ ਲੱਗਣ ਜੋਗੀ ਨਹੀਂ ਰਹੇਗੀ ।

ਸਰੋਜ ਨੂੰ ਬਲਦੇਵ ਦੀ ਗੈਰ ਹਾਜ਼ਰੀ ਚੁਭ ਰਹੀ ਸੀ ਪਰ ਡਰ ਨਹੀਂ ਸੀ ਰਹੀ । ਉਹ ਕਿਸੇ ਪਰਾਏ ਨਾਲ ਨਹੀਂ ਗੁਰੂਆਂ ਵਰਗੇ ਦੋਸਤ ਸੁਰਜੀਤ ਨਾਲ ਗਿਆ ਸੀ । ਸੁਰਜੀਤ ਦੀ ਮੁੱਖ ਮੰਤਰੀ ਕੋਲ ਇੰਨੀ ਪਹੁੰਚ ਸੀ ਜੋ ਚਾਹੇ ਹੱਥ ਫੜ ਕੇ ਲਿਖਾ ਲਿਆਵੇ । ਫੇਰ ਬਲਦੇਵ ਕਿਹੜਾ ਡੀ. ਸੀ. ਲਗਿਐ । ਇਕ ਮਾਮੂਲੀ ਜਿਹਾ ਅਧਿਆਪਕ ਹੈ । ਡੀ. ਈ. ਓ. ਨੇ ਪਤਾ ਨਹੀਂ ਡੀ. ਪੀ. ਆਈ ਨੂੰ ਕਿਹੋ ਜਿਹੀ ਪੱਟੀ ਪੜ੍ਹਾਈ ਸੀ ਕਿ ਸੁਰਜੀਤ ਵਲੋਂ ਕਰਾਏ ਤਿੰਨ ਵਜ਼ੀਰਾਂ ਦੇ ਟੈਲੀਫੋਨਾਂ ਦਾ ਵੀ ਉਸ ਤੇ ਅਸਰ ਨਹੀਂ ਸੀ ਹੋਇਆ । ਅੱਗੋਂ ਮੰਤਰੀ ਦੀ ਸ਼ਿਕਾਇਤ ਦੀ ਰੱਟ ਲਾ ਰੱਖਦਾ ਸੀ । ਉਹ ਮੁੱਖ ਮੰਤਰੀ ਦੇ ਹਲਕੇ ਦੇ ਬੰਦੇ ਹਨ । "ਕੀ ਪਤੈ ਮੁੱਖ ਮੰਤਰੀ ਨੂੰ ਨੂੰ ਸੱਚ ਮੁੱਚ ਕੋਈ ਗਿਲਾ ਹੋਵੇ ।" ਸੋਚ ਕੇ ਵਜ਼ੀਰਾਂ ਦੀ ਬੜ੍ਹਕ ਮੱਠੀ ਪੈ ਜਾਂਦੀ । ਸੁਰਜੀਤ ਤੋਂ ਨਾਲੋਂ ਮੁੱਖ ਮੰਤਰੀ ਕਿਹੜਾ ਬਾਹਰ ਹੈ । ਉਹ ਚਾਹੇ ਤਾਂ ਭਾਵੇਂ ਕਿਸੇ ਚੇਅਰਮੈਨ ਲਗਵਾ ਦੇਵੇ । ਜੇ ਮੁੱਖ ਮੰਤਰੀ ਨੂੰ ਫੜ ਕੇ ਉਹਨਾਂ ਕੋਲ ਆਇਆ ਹੈ ਤਾਂ ਕੋਈ ਗੜਬੜ ਜ਼ਰੂਰ ਹੈ ।

ਮੁੱਖ-ਮੰਤਰੀ ਸੀ ਕਿ ਉਸਦਾ ਚੰਡੀਗੜ੍ਹ ਪੱਬ ਹੀ ਨਹੀਂ ਸੀ ਪੈਂਦਾ । ਇਕ ਲੱਤ ਦਿੱਲੀ ਹੁੰਦੀ, ਦੂਜੀ ਪਟਿਆਲੇ ਜਾਂ ਅੰਮ੍ਰਿਤਸਰ । ਕਦੇ ਇਰਾਦੀ ਕਮਿਸ਼ਨ ਦੀ ਰਿਪੋਰਟ ਦਾ ਰੌਲਾ, ਕਦੇ ਖਿੰਡ ਰਹੀ ਪਾਰਟੀ ਨੂੰ ਸੰਭਾਲਣ ਦਾ ਫ਼ਿਕਰ ਅਤੇ ਕਦੇ ਅੱਤਿਵਾਦੀਆਂ ਹੱਥੋਂ ਮਰੇ ਲੋਕਾਂ ਦੇ ਪਰਿਵਾਰਾਂ ਦੇ ਹੰਝੂ ਪੂੰਝਣ ਅਤੇ ਚੈੱਕ ਭੇਟ ਕਰਨ ਦੀ ਰਸਮ ।

ਉਹ ਚੰਡੀਗੜ੍ਹ ਜਾਂਦੇ, ਮੰਤਰੀ ਜੀ ਦਿੱਲੀ ਤੁਰ ਜਾਂਦੇ । ਉਹ ਵਾਪਸ ਮੁੜਦੇ ਮੰਤਰੀ ਜੀ ਚੰਡੀਗੜ੍ਹ ਆ ਵੜਦੇ । ਇਸੇ ਲੁਕਣ ਮਿਚੀ ਵਿਚ ਉਹਨਾਂ ਦੇ ਚਾਰ ਚੱਕਰ ਲੱਗ ਚੁੱਕੇ ਸਨ । ਇਸ ਵਾਰ ਉਹਨਾਂ ਫੈਸਲਾ ਕੀਤਾ ਸੀ, ਉਹ ਕੰਮ ਕਰਕੇ ਹੀ ਮੁੜਨਗੇ ਭਾਵੇਂ ਵੀਹ ਦਿਨ ਬੈਠਣਾ ਪਵੇ । ਸਰੋਜ ਨੂੰ ਪਤਾ ਸੀ ਕੰਮ ਨਹੀਂ ਹੋਣਾ । ਹੁਕਮ ਹੋ ਗਿਆ ਹੁੰਦਾ ਤਾਂ ਉਹ ਗੋਲੀ ਵਾਂਗ ਘਰ ਵੜਦੇ । ਉਹ ਕਿਹੜਾ ਰੋਕੜ ਲੈ ਕੇ ਗਿਆ ਹੈ ਬਈ ਬੈਠੇ ਖਾਈ ਜਾਣਗੇ । ਸਾਰਾ ਹਜ਼ਾਰ ਰੁਪਿਆ ਸੀ ਉਸ ਕੋਲ ।

ਬਲਦੇਵ ਦੀ ਕਾਰ ਨੇ, ਜਦੋਂ ਘਰ ਅੱਗੇ ਆ ਕੇ ਬਰੇਕਾਂ ਮਾਰੀਆਂ ਤਾਂ ਸਾਰੇ ਪਾਸੇ ਭੱਜ ਦੌੜ ਮੱਚ ਗਈ । ਖ਼ੁਸ਼ਖ਼ਬਰੀ ਸੁਣਨ ਲਈ ਸਾਰਾ ਟੱਬਰ ਚਬੂਤਰੇ ਤੇ ਆ ਖੜੋਤਾ ।

ਪਰ ਸਿਰ ਸੁੱਟੀ ਬਲਦੇਵ ਜਦੋਂ ਬੈਠਕ ਵਿਚ ਵੜਿਆ ਤਾਂ ਸਾਰਿਆਂ ਦੇ ਚਿਹਰਿਆਂ 'ਤੇ ਪਲੱਤਣ ਛਾ ਗਈ । ਬਲਦੇਵ ਦੇ ਝੱਥਰਾ ਬਣੇ ਵਾਲ, ਛੋਟੀ ਛੋਟੀ ਦਾਹੜੀ ਵਿਚ ਚਮਕਦੇ ਮਿੱਟੀ ਦੇ ਕਿਣਕੇ; ਕਾਲਰਾਂ 'ਤੇ ਜੰਮੀ ਮੈਲ ਅਤੇ ਮੱਥੇ ਦੀਆਂ ਤਿਊੜੀਆਂ ਦੇਖਕੇ, ਕਿਸੇ ਨੂੰ ਕੁਝ ਪੁੱਛਣ ਦੀ ਲੋੜ ਨਹੀਂ ਸੀ ।

ਮੂੰਹ ਲਟਕਾਈ ਚੰਨੀ ਪਾਣੀ ਧਾਣੀ ਦਾ ਇੰਤਜ਼ਾਮ ਕਰਨ ਲਈ ਰਸੋਈ ਵਿਚ ਜਾ ਵੜੀ । ਸਰੋਜ ਕਾਰ ਦੇ ਕਿਰਾਏ ਦਾ ਇੰਤਜ਼ਾਮ ਕਰਨ ਲਈ ਟਰੰਕ ਪੇਟੀਆਂ ਫਰੋਲਨ ਲੱਗੀ । ਉਸ ਨੂੰ ਪਤਾ ਸੀ ਹਜ਼ਾਰ ਰੁਪਿਆ ਤਾਂ ਕਦੋਂ ਦਾ ਉੱਡ ਗਿਆ ਹੋਣਾ ਹੈ । ਚੰਡੀਗੜ੍ਹ ਤੁਰਨ ਤੋਂ ਪਹਿਲਾਂ ਵਾਰ ਵਾਰ ਮੰਤਰੀ ਦੇ ਉਥੇ ਰਹਿਣ ਦੀ ਤਸੱਲੀ ਕੀਤੀ ਸੀ । ਉਹਨਾਂ ਨੂੰ ਯਕੀਨ ਸੀ ਸ਼ਾਮ ਤੱਕ ਆਰਡਰ ਲੈ ਕੇ ਉਹਨਾਂ ਮੁੜ ਆਉਣਾ ਸੀ । ਕੀ ਪਤਾ ਸੀ ਜਾਂਦਿਆਂ ਹੀ ਕਿਸੇ ਸਾਬਕਾ ਮੰਤਰੀ ਦੇ ਕਤਲ ਦੀ ਖ਼ਬਰ ਮਿਲਣੀ ਸੀ ਤੇ ਮੁੱਖ ਮੰਤਰੀ ਜੀ ਨੇ ਸੰਸਕਾਰ ਲਈ ਤੁਰ ਜਾਣਾ ਸੀ । ਉਥੋਂ ਹੀ ਉਹਨਾਂ ਨੂੰ ਵਜ਼ਾਰਤ ਦੇ ਭੰਗ ਪੈਣ ਦੀ ਸੂਹ ਲੱਗੀ ਤੇ ਉਹ ਮੰਤਰੀਆਂ ਦਾ ਜਹਾਜ਼ ਭਰ ਕੇ ਦਿੱਲੀ ਨੂੰ ਤੁਰ ਗਏ ।

ਇਕ ਇਕ ਕਰਕੇ ਮੁੱਖ ਮੰਤਰੀ ਜੀ ਨੂੰ ਪੰਜਵਾਂ ਦਿਨ ਸੀ ਦਿੱਲੀ 'ਚ ਟਿਕਿਆਂ । ਹਨੂਮਾਨ ਦੀ ਪੂਛ ਵਾਂਗ ਮੰਤਰੀ ਜੀ ਦਾ ਦਿੱਲੀ ਦਾ ਦੌਰਾ ਵੱਧਦਾ ਹੀ ਜਾ ਰਿਹਾ ਸੀ । ਜਦੋਂ ਬਿਲਕੁਲ ਹੀ ਜੇਬ ਖਾਲੀ ਹੋ ਗਈ ਤਾਂ ਮੁੜਨ ਤੋਂ ਬਿਨਾਂ ਉਹਨਾਂ ਕੋਲ ਕੋਈ ਚਾਰਾ ਨਹੀਂ ਸੀ । ਉਹ ਤਾਂ ਸੁਰਜੀਤ ਹੋਟਲ ਦਾ ਪੱਕਾ ਗਾਹਕ ਸੀ ਇਸ ਲਈ ਉਹਨਾਂ ਥੋੜ੍ਹੀ ਬਹੁਤੀ ਰਿਆਇਤ ਵੀ ਕੀਤੀ ਅਤੇ ਕੁਝ ਕੁ ਉਧਾਰ ਵੀ ।

ਹੁਣ ਕਾਰ ਵਾਲੇ ਨਾਲ ਤਾ ਉਧਾਰ ਨਹੀਂ ਸੀ ਪੁੱਗਨਾ। ਮਜ਼ਦੂਰ ਬੰਦੇ ਨੇ ਉਹੋ ਕਮਾਉਣਾ ਅਤੇ ਉਹੋ ਖਾਣਾ।

ਸੱਤ ਅੱਠ ਸੌ ਤੋਂ ਵਧ ਦਾ ਇੰਤਜ਼ਾਮ ਨਾ ਹੁੰਦਾ ਦੇਖਕੇ ਸਰੋਜ ਨੇ ਬਲਦੇਵ ਨੂੰ ਇਸ਼ਾਰਾ ਕਰਨ ਲਈ ਮਜਬੂਰ ਸੀ। ਬੈਂਕ ਦੀ ਕਾਪੀ 'ਚ ਤਾਂ ਸਾਰੇ ਪੰਜ ਰੁਪਏ ਬਚਦੇ ਸਨ। ਮਹੀਨੇ ਤੋਂ ਗੈਰ-ਹਾਜ਼ਰ ਸੀ ਇਸ ਲਈ ਤਨਖ਼ਾਹ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਦੁੱਧ ਵਾਲਿਆਂ ਤੋਂ ਅਡਵਾਂਸ ਫੜਕੇ ਉਸਨੇ ਘਰ ਦਾ ਖਰਚ ਚਲਾਇਆ। ਉਹ ਵੀ ਤਾਂ ਉਹਨਾਂ ਵਰਗੇ ਹੀ ਮੁਲਾਜਮ ਸਨ। ਵਾਰ ਵਾਰ ਕਿਥੋਂ ਦੇਣ।

ਸੁਰਜੀਤ ਨੂੰ ਇਕੱਲਾ ਬੈਠਾ ਦੇਖਕੇ ਮਾਂ ਤੋਂ, ਰਿਹਾ ਨਾ ਗਿਆ। ਹਲਾਤ ਦਾ ਜਾਇਜ਼ਾ ਲੈਣ ਲਈ ਉਹ ਸੁਰਜੀਤ ਕੋਲ ਆ ਬੈਠੀ।

"ਕਿਉਂ ਪੁੱਤ ਫੇਰ ਮਿਲਿਆ ਨੀ ਵਜ਼ੀਰ ? ਕੀ ਬਣਿਆ ਬਦਲੀ ਦਾ ? ਔਤਰਾ ਅਫ਼ਸਰ ਇਹੋ ਜਾ ਮਗਰ ਪਿਐ ਪੁੱਠੇ ਦਿਨ ਆ ਗਏ ਸਾਡੇ...।"

ਸੋਫ਼ੇ ਨਾਲ ਢਾਸਨਾ ਲਾਈ ਅਤੇ ਲੱਤਾਂ ਨੂੰ ਮੇਜ਼ ਤੇ ਸਜਾਈ ਉਂਘ ਰਿਹਾ ਸੁਰਜੀਤ ਬੁੱਢੀ ਦੇ ਬੋਲ ਸੁਣਕੇ ਤ੍ਰਬਕਿਆ।

"ਤੂੰ ਫਿਕਰ ਨਾ ਕਰ ਮਾਂ। ਜਿੰਨ੍ਹਾ ਚਿਰ ਮੈਂ ਬੈਠਾਂ ਬਲਦੇਵ ਦਾ ਕੋਈ ਵਾਲ ਵਿੰਗਾ ਨਹੀਂ ਕਰ ਸਕਦਾ। ਜਿਸ ਦਿਨ ਵੀ ਮੰਤਰੀ ਮਿਲ ਗਿਆ ਹਿੱਕ 'ਚ ਗੋਡਾ ਦੇ ਕੇ ਕੰਮ ਕਰਾਉਂ ..।"

ਬੁੱਢੀ ਦੀਆਂ ਅਦਰ ਧਸੀਆਂ ਅੱਖਾਂ 'ਚ ਨਮੀ ਦੇਖਕੇ ਸੁਰਜੀਤ ਦਾ ਵੀ ਗੱਚ ਭਰ ਆਇਆ। ਆਪਣੀ ਲੰਮੀ ਦਾੜ੍ਹੀ 'ਚ ਹੱਥ ਫੇਰਕੇ ਅਤੇ ਮੁੱਛਾਂ ਨੂੰ ਤਾਅ ਦੇ ਕੇ ਉਸਨੇ ਆਪਣੇ 'ਆਪ ਨੂੰ ਸੰਭਾਲਿਆ ਅਤੇ ਬੁੱਢੀ ਦੇ ਹੌਂਸਲੇ ਬੁਲੰਦ ਕਰਨ ਲਈ ਗੜ੍ਹਕਿਆ :

"ਮੈਂ ਉਸ ਬੇਈਮਾਨ ਅਫ਼ਸਰ ਨੂੰ ਵੀ ਝੋਟੀਆਂ ਚੁੰਘਾ ਕੇ ਛੱਡੂ...ਜੇ ਉਹਦੇ ਗੁਰਦਾਸਪੁਰ ਦੇ ਆਰਡਰ ਨਾ ਕਰਾਏ ਤਾਂ ਮਾਂ ਮੈਨੂੰ ਸੁਰਜੀਤ ਨਾ ਆਖੀਂ।"

ਇਸ ਵਾਰ ਮਾਂ ਨੇ ਸੁਰਜੀਤ ਦੀ ਬੜਕ ਵੱਲ ਕੋਈ ਧਿਆਨ ਨਾ ਦਿੱਤਾ। ਹੌਲੀ ਹੌਲੀ ਉਸ ਦੀਆਂ ਅੱਖਾਂ ਗਿਰ ਗਈਆਂ। ਉਸਦੇ ਸੱਜੇ ਹੱਥ ਵਿਚ ਫੜੀ ਮਾਲਾ ਦੇ ਮਣਕੇ ਤੇਜ਼ੀ ਨਾਲ ਹੇਠਾਂ ਉਪਰ ਹੋਣ ਲੱਗੇ।

ਸੁਰਜੀਤ ਦੀਆਂ ਨਿਗਾਹਾਂ ਬੁੱਢੀ ਦੇ ਬੁੱਤ ਤੋਂ ਤਿਲਕ ਕੇ ਸਾਹਮਣੀ ਕੰਸ ਤੇ ਪਏ ਲੈਨਿਨ ਦੇ ਕਾਂਸ਼ੀ ਦੇ ਬੁੱਤ ਨਾਲ ਟਕਰਾਈਆਂ।

"ਹਾਲੇ ਤਾਂ ਤੂੰ ਬਲਦੇਵ ਨੂੰ ਝੋਟੀਆਂ ਚੁੰਘਾ ਰਿਹੈ।" ਸੁਰਜੀਤ ਨੂੰ ਲੱਗਾ ਜਿਵੇਂ ਲੈਨਿਨ ਦਾ ਗੁਸੈਲ ਚਿਹਰਾ ਉਸਨੂੰ ਘੂਰ ਰਿਹਾ ਹੋਵੇ।

ਨਾਲ ਦੇ ਕਮਰੇ ਵਿਚ ਹੁੰਦੀ ਘੁਸਰ ਮੁਸਰ ਸੁਰਜੀਤ ਨੂੰ ਝੰਜੋੜਨ ਲੱਗੀ। ਉਹ ਕੋਈ ਬੱਚਾ ਨਹੀਂ ਸੀ ਕਿ ਉਸਨੂੰ ਸਮਝ ਨਾ ਆਉਂਦੀ ਬਈ ਭੱਜ ਨੱਠ ਕਿਸ ਕੰਮ ਲਈ ਹੋ ਰਹੀ ਹੈ। ਸਾਰਾ ਜ਼ੋਰ ਲਾ ਕੇ ਵੀ ਉਹ ਕਰਾਇਆ ਇਕੱਠਾ ਕਰਨ ਵਿਚ ਸਫ਼ਲ ਨਹੀਂ ਸੀ ਹੋ ਰਹੇ।

ਕਰਾਏ ਲਈ ਚਲਦੇ ਸੰਘਰਸ਼ ਨੂੰ ਦੇਖਕੇ ਸੁਰਜੀਤ ਨੂੰ ਲੱਗਾ ਜਿਵੇਂ ਪੰਦਰਾਂ ਸਾਲਾਂ ਬਾਅਦ ਉਸ ਹੱਥੋਂ ਇਕ ਹੋਰ ਕਤਲ ਹੋਇਆ ਹੋਵੇ। ਇਸ ਵਾਰ ਕਿਸੇ ਬਿਗਾਨੇ ਦਾ ਨਹੀਂ ਸਗੋਂ ਪੁੱਤਰਾਂ, ਭਰਾਵਾਂ ਅਤੇ ਪਿਓ ਵਰਗੇ ਬਲਦੇਵ ਦਾ—ਉਸਦੇ ਸਹਾਰੇ ਜੂਝਦੇ ਪਰਿਵਾਰ ਦੀਆਂ ਆਸਾਂ ਦਾ—ਉਹਨਾਂ ਦੇ ਸੁਖਾਵੇਂ ਭਵਿੱਖ ਦਾ।

ਉਹ ਵੀ ਜ਼ਮਾਨਾ ਸੀ ਜਦੋਂ ਇਕ ਉੱਜਲ ਭਵਿੱਖ ਅਤੇ ਜਮਾਤ ਰਹਿਤ ਸਮਾਜ ਦਾ ਲੈ ਕੇ ਸੁਰਜੀਤ ਅੰਡਰ-ਗਰਾਊਂਡ ਹੋਇਆ ਸੀ। ਦਿਨਾਂ ਵਿਚ ਹੀ ਆਪਣੀ ਦਲੇਰੀ, ਸੂਝ ਬੂਝ ਅਤੇ ਕੰਮ ਕਰਨ ਦੀ ਸਮਰੱਥਾ ਦੇ ਸਿਰ ਤੇ ਉਹ ਦੋ ਜ਼ਿਲ੍ਹਿਆਂ ਦਾ ਆਰਗੇਨੋਜ਼ਰ ਬਣ ਗਿਆ ਸੀ। ਯੂਨੀਵਰਸਿਟੀ 'ਚ ਜੋਤ ਜਗਾਉਣ ਦੀ ਜ਼ਿੰਮੇਵਾਰੀ ਉਸਨੇ ਬਲਦੇਵ ਸਿਰ ਲਾਈ ਸੀ। ਐਮ. ਐਸ. ਸੀ ਦੀ ਪੜ੍ਹਾਈ ਵਿਚੇ ਛੱਡਕੇ ਬਲਦੇਵ ਨੇ ਦੋ ਸਾਲਾਂ 'ਚ ਜੁੜਦੀਆਂ ਮਹਿਫ਼ਲਾਂ ਦੀ ਗਿਣਤੀ ਵਧਾਉਣ ਲਈ ਦਿਨ ਰਾਤ ਇਕ ਕਰ ਦਿੱਤਾ ਸੀ। ਇਕ ਸਮਾਂ ਅਜਿਹਾ ਵੀ ਆਇਆ ਜਦੋਂ ਸਾਰੀ ਯੂਨੀਵਰਸਿਟੀ ਹੀ ਰੋਸ਼ਨਾ ਗਈ। ਉਦੋਂ ਬਲਦੇਵ ਉਸਨੂੰ ਪੁੱਤਾਂ ਵਰਗਾ ਲੱਗਦਾ ਸੀ, ਆਪਣਾ ਸਹੀ ਵਾਰਸ। ਕਿੰਨੇ ਹੀ ਨੌਜਵਾਨ ਲੈ ਕੇ ਬਲਦੇਵ ਉਸਨੂੰ ਪੁੱਤਾਂ ਵਰਗਾ ਲਗਦਾ ਸੀ। ਆਪਣਾ ਸਹੀ ਵਾਰਸ। ਕਿੰਨੇ ਹੀ ਨੌਜਵਾਨ ਲੈ ਕੇ ਬਲਦੇਵ ਸੁਰਜੀਤ ਨਾਲ ਆ ਰਲਿਆ ਸੀ। ਬਾਹਵਾਂ 'ਚ ਸੱਪਾਂ ਦੀਆਂ ਸਿਰੀਆਂ ਮਿਧਦਾ, ਕੁੱਲੀਆਂ 'ਚ ਚਿਥੜੀਆਂ 'ਚ ਸੌਂਦਾ, ਤੂੜੀ ਵਾਲੇ ਕੋਠਿਆਂ 'ਚ ਸਾਰਾ ਸਾਰਾ ਦਿਨ ਕਲਾਸਾਂ ਲਾਉਂਦਾ, ਤਪਦੀਆਂ ਭੱਠੀਆਂ ਅੱਗੇ ਖਲੋ ਕੇ ਮਜ਼ਦੂਰ ਜਥੇਬੰਦੀਆਂ ਕਾਇਮ ਕਰਦਾ ਬਲਦੇਵ ਉਸਨੂੰ ਸੱਜੀ ਬਾਂਹ ਲੱਗਦਾ। ਬਰਾਬਰ ਦਾ ਭਾਈਵਾਲ।

"ਨਾ ਮੈਂ ਦੋ ਚਾਰ ਸੌ ਰੁਪਏ ਮਹੀਨਾ ਵਿਆਜ ਲੈਣ ਵਾਲੇ ਹਟਵਾਣੀਏ ਨੂੰ ਪੂੰਜੀਪਤੀ ਸਮਝਦਾ ਹਾਂ ਅਤੇ ਨਾ ਹੀ ਚਾਰ ਸੀਰੀ ਰੱਖਕੇ ਖੇਤੀ ਕਰਨ ਵਾਲੇ ਨੂੰ ਜਗੀਰਦਾਰ...।" ਆਖਦਾ ਬਲਦੇਵ ਜਦੋਂ ਹਥਿਆਰ ਲੈਣੋਂ ਪਿੱਛੇ ਹਟਿਆ ਸੀ ਤਾਂ ਉਹਨਾਂ ਉਸਨੂੰ 'ਡਰਪੋਕ' ਅਤੇ 'ਬੁਜ਼ਦਿਲ' ਆਖਕੇ ਧਿਰਕਾਰ ਦਿੱਤਾ ਸੀ। ਪਿੱਛੋਂ ਬੀਸੀਆਂ ਕਤਲਾਂ ਦੇ ਕੇਸ ਭੁਗਤਦਾ ਸੁਰਜੀਤ ਜਦੋਂ ਜੇਲ੍ਹ

ਦੀਆਂ ਕਾਲ ਕੋਠੜੀਆਂ ਵਿਚ ਸੜਦਾ ਸੀ ਤਾਂ ਬਲਦੇਵ ਦੀਆਂ ਗੱਲਾਂ ਵਿਚੋਂ ਉਸਨੂੰ ਸਿਆਣੇ ਪਿਓ ਵਰਗੀ ਸਮਝ ਆਉਂਦੀ ਸੀ।

ਇਹੋ ਜਿਹੇ ਸਾਥੀ ਦਾ ਦੱਸ ਹਜ਼ਾਰ ਕਾਰਾਂ, ਹੋਟਲਾਂ ਅਤੇ ਵਿਸਕੀਆਂ ਤੇ ਖਰਾਬ ਕਰਾ ਕੇ ਅੱਜ ਕੱਲ੍ਹ ਸੁਰਜੀਤ ਕਿਸ ਕਿਸਮ ਦੀ ਲੋਕ ਸੇਵਾ ਵਿਚ ਲੱਗਾ ਸੀ ?

ਇਨਕਲਾਬੀਆਂ ਦੀ ਪੋਲਟਬਿਊਰੋ ਤੱਕ ਅਪੜਿਆ ਸੁਰਜੀਤ ਤਾਂ ਜੇਲ੍ਹੋਂ ਜਥੇਦਾਰ ਬਣ ਕੇ ਨਿਕਲਿਆ ਪਰ ਬਾਹਰ ਬੈਠੇ ਬਲਦੇਵ ਲੜਾਈ ਉਸੇ ਤਰ੍ਹਾਂ ਜਾਰੀ ਸੀ।

ਉਹ ਚਾਹੁੰਦਾ ਤਾਂ ਉਹ ਐਫ. ਸੀ. ਆਈ 'ਚ ਜਾ ਕੇ ਲੱਖਾਂ ਰੁਪਏ ਕਮਾ ਸਕਦਾ ਸੀ, ਇਕ ਅੱਧ ਭੇਤ ਦੇ ਕੇ ਥਾਣੇਦਾਰ ਭਰਤੀ ਹੋ ਸਕਦਾ ਸੀ। ਪਰ ਉਸਨੂੰ ਅਧਿਆਪਕ ਬਣਨਾ ਹੀ ਚੰਗਾ। ਸਾਰੀ ਉਮਰ ਵਿਚ ਪੰਜ ਛੇ ਬੂਟੇ ਹੀ ਲਾ ਦਿਤੇ ਤਾਂ ਉਸ਼ਦੀ ਪ੍ਰਾਪਤੀ ਹੋਵੇਗੀ, ਉਹ ਆਖਿਆ ਕਰਦਾ ਸੀ।

ਪ੍ਰਾਪਤੀ ਦੇ ਉਸਦੇ ਇਹੋ ਯਤਨ ਅਫ਼ਸਰਾਂ ਅਤੇ ਧਾਰਮਿਕ ਜਥੇਬੰਦੀਆਂ ਦੀਆਂ ਅੱਖਾਂ ਵਿਚ ਰੜਕਣ ਲੱਗੇ।

"ਇਹ ਤਾਂ ਬੱਚਿਆਂ ਨੂੰ ਪੁੱਠੀ ਸਿੱਖਿਆ ਦਿੰਦਾ ਹੈ। ਨਾਸਤਿਕ ਅਤੇ ਅਧਰਮੀ ਬਣਾਉਂਦਾ ਹੈ।" ਪੰਚਾਇਤ ਦੀ ਇਹੋ ਜਿਹੀ ਇਕ ਸ਼ਕਾਇਤ ਤੇ ਉਸਨੂੰ ਸਕੂਲੋਂ ਬੁਲਾ ਕੇ ਦਫ਼ਤਰ 'ਚ ਲਾਇਆ ਗਿਆ ਸੀ।

ਨਵੇਂ ਆਏ ਡੀ. ਈ. ਓ. ਨੂੰ ਉਸ਼ਦੀ ਕਲਰਕੀ ਵੀ ਮੇਚ ਨਹੀਂ ਸੀ। ਉਸ ਦੀ ਕੀ ਮਜਾਲ ਉਹ ਅਫ਼ਸਰਾਂ ਦੀਆਂ ਮੱਝਾਂ ਲਈ ਸੋਇਆਬੀਨ ਦਾ ਤੇਲ ਅਤੇ ਦਲੀਏ ਦੀਆਂ ਬੋਰੀਆਂ ਨਾ ਘਲੇ। ਇਸੇ ਸਹਾਰੇ ਤਾਂ ਉਸ ਨੇ ਪਿਛਲੇ ਸਟੇਸ਼ਨ ਤੇ ਐਸ. ਡੀ. ਐਮ. ਅਤੇ ਜੱਜਾਂ ਨੂੰ ਖੁਸ਼ ਕਰਕੇ ਲੱਖਾਂ ਦੇ ਕੰਮ ਕਢਾਏ ਸਨ। ਇਹ ਨਹੀਂ ਤਾਂ ਚਲੋ ਉਸ ਦੀ ਪਤਨੀ ਲਈ ਵਿਸ਼ੇਸ਼ ਤੌਰ ਤੇ ਮੰਗਵਾਈਆਂ ਦਵਾਈਆਂ ਦੇ ਬਿੱਲ ਪਾਸ ਕਰਨਾ ਤਾਂ ਉਸਦਾ ਇਖਲਾਕੀ ਫਰਜ਼ ਸੀ। ਹੋਰ ਇਹੋ ਜਿਹੇ ਫੰਡ ਕੀ ਅੱਗ ਲਾਉਣੇ। ਕਿਸ ਕੋਲ ਵਕਤ ਹੈ ਸਕੂਲਾਂ 'ਚ ਬੈਠ ਕੇ ਭੱਠੀ ਚੜ੍ਹਾਏ ਅਤੇ ਪੰਜੀਰੀ ਬਣਾ ਕੇ ਬੱਚਿਆਂ ਨੂੰ ਖਵਾਵੇ ਪੰਦਰੀਂ ਬੀਹੀਂ ਦਿਨੀਂ ਬੱਚਿਆਂ ਦਾ ਦਲੀਏ ਨਾਲ ਝੋਲਾ ਭਰਨ ਦੀ ਉਸਦੀ ਸਕੀਮ ਤੇ ਬਲਦੇਵ ਨੇ ਝੋਟੇ ਵਾਂਗ ਹਿਲਾ ਦਿੱਤਾ ਸੀ। ਸੀ. ਈ. ਓ. ਦੇ ਲਿਖਾਰੀ ਦੋਸਤਾਂ ਦੀਆਂ ਕਿਤਾਬਾਂ ਅਗੇ 'ਫਿਰਕੂ' ਅਤੇ 'ਪੱਖਪਾਤੀ' ਲਿਖ ਦੇਣਾ ਤਾਂ ਗੁਸਤਾਖੀ ਦੀ ਹੱਦ ਹੀ ਸੀ।

ਦੋਹਾਂ ਅਫ਼ਸਰਾਂ ਨੇ ਮਤਾ ਪਕਾਇਆ। ਤਿੰਨ ਦਿਨ ਚੰਡੀਗੜ੍ਹ ਬੈਠ ਕੇ ਉਹਨਾਂ ਖੁਦ ਉਸਦੀ ਬਦਲੀ ਦੀ ਫ਼ਾਇਲ ਤਿਆਰ ਕਰਾਈ। ਜਦੋਂ ਤਰਨ ਤਾਰਨ ਜਾਏਗਾ ਤਾਂ ਆਪੇ ਨਾਨੀ ਯਾਦ ਆ ਜਾਏਗੀ। ਇਥੇ ਬੈਠਾ ਟਿਊਸ਼ਨਾ ਕਰਦਾ ਹੈ, ਦੁੱਧ ਵੇਚਦਾ ਹੈ ਤਾਂ ਹੀ ਆਫਰਿਆ ਬੈਠਾ ਹੈ। ਇਹੋ ਜਿਹੇ ਬਗਾਵਤੀ ਬੀਜ ਦਾ ਦਫ਼ਤਰ ਵਿਚ ਵਧਣਾ ਫੁਲਣਾ ਕਿਸੇ ਲਈ ਵੀ ਨੁਕਸਾਨ-ਦਾਇਕ ਸਿਧ ਹੋ ਸਕਦਾ ਹੈ। ਆਪੇ ਉਥੇ ਕਿਸੇ ਗੋਲੀ ਦਾ ਸ਼ਿਕਾਰ ਹੋ ਜਾਊ। ਉਹਨਾਂ ਦਾ ਵਿਚਾਰ ਸੀ।

ਬਲਦੇਵ ਬਲਦੀ ਅੱਗ ਵਿਚ ਜਾਣੋਂ ਨਹੀਂ ਸੀ ਡਰਦਾ। ਉਸਨੂੰ ਤਾਂ ਮਸਾਂ ਮਸਾਂ ਪੈਰਾਂ ਸਿਰ ਹੋਈ ਆਰਥਿਕਤਾ ਦੇ ਖਿੰਡਣ ਦਾ ਇਕੋ ਇਕ ਡਰ ਸੀ। ਜਾਂ ਕੁਝ ਫਿਕਰ ਉਸਨੂੰ ਚੰਨੀ ਦੀ ਮਾਨਸਿਕ ਅਵਸਥਾ ਦਾ ਸੀ। ਖਾਲੀ ਹੱਥ ਪਰਤੀ ਚੰਨੀ ਬਲਦੇਵ ਦੇ ਉੱਧਰ ਜਾਣ ਦੀ ਗੱਲ ਸੁਣਦੀ ਹੀ ਰੋਣ ਲੱਗਦੀ ਸੀ। ਕਈ ਵਾਰ ਉਸਨੂੰ ਗਸ਼ਾਂ ਪੈ ਚੁਕੀਆ ਸਨ। ਕਈ ਕਈ ਵਾਰ ਰਾਤ ਨੂੰ ਬੜਾ ਬੜਾ ਉਠਦੀ ਸੀ। ਸਭ ਕੁਝ ਸੋਚ ਸਮਝ ਕੇ ਹੀ ਉਸਨੇ ਸੁਰਜੀਤ ਦਾ ਦਰਵਾਜ਼ਾ ਖੜਕਾਇਆ ਸੀ।

ਅਕਾਲੀਆਂ ਨਾਲ ਜੇਲ੍ਹ ਵਿਚ ਰਹਿ ਕੇ ਸੁਰਜੀਤ ਦੀ ਬਹੁਤ ਪੁੱਛ ਪੜਤਾਲ ਹੋ ਗਈ ਸੀ। ਐਮਰਜੈਂਸੀ ਦੇ ਦਿਨਾਂ ਵਿਚ ਉਹ ਅਤੇ ਮੁੱਖ ਮੰਤਰੀ ਇਕੋ ਸੈਲ ਵਿਚ ਬੰਦ ਰਹੇ ਸਨ। ਉਸਨੂੰ ਯੂਥ ਵਿੰਗ ਖੜਾ ਕਰਨ ਲਈ ਉਸ ਵਰਗੇ ਜੁਝਾਰੂ ਵਰਕਰਾਂ ਦੀ ਲੋੜ ਸੀ ਅਤੇ ਉਹਨਾਂ ਨੂੰ ਬਾਹਰ ਆਉਣ ਦੀ। ਇਸੇ ਲੋੜ ਨੇ ਉਹਨਾਂ ਦਾ ਸਮਝੌਤਾ ਕਰਾ ਦਿਤਾ ਸੀ।

ਸਿਆਸੀ ਸੂਝ ਤਾਂ ਸੁਰਜੀਤ ਨੂੰ ਪਹਿਲਾਂ ਹੀ ਘੱਟ ਨਹੀਂ ਸੀ। ਮੁੱਖ-ਮੰਤਰੀ ਦੀ ਉਂਗਲ ਫੜ ਕੇ ਵਡੇ ਵਡੇ ਕਦਮ ਪੁੱਟਦਾ ਦਿਨਾਂ ਵਿਚ ਹੀ ਉਹ ਅਕਾਲੀ ਸਿਆਸਤ ਵਿਚ ਛਾ ਗਿਆ।

ਕਿਹੜਾ ਵਜ਼ੀਰ ਜਾਂ ਚੇਅਰਮੈਨ ਸੀ ਜਿਸ ਨਾਲ ਉਸਨੇ ਕਦੇ ਨਾ ਕਦੇ ਜੇਲ੍ਹ ਨਹੀਂ ਸੀ ਕੱਟੀ। ਚੰਗੇ ਦਿਨ ਆਏ ਤਾਂ ਵਗਦੀ ਗੰਗਾ ਵਿਚ ਉਸਨੇ ਵੀ ਹੱਥ ਧੋ ਲਏ। ਉਹੋ ਮਕਾਨ ਜਿਸਨੂੰ ਕਦੇ ਪੁਲਿਸ ਨੇ ਖੰਡਰਾਂ ਵਿਚ ਬਦਲਿਆ ਸੀ ਕੋਠੀ ਵਿਚ ਬਦਲ ਗਿਆ। ਜਿਨ੍ਹਾਂ ਖੇਤਾਂ 'ਚ ਕਦੇ ਪੁਲਿਸ ਨੇ ਅੱਗਾਂ ਲਾਈਆਂ ਸਨ ਉਹੋ ਸ਼ਾਨਦਾਰ ਫ਼ਾਰਮ ਵਿਚ ਬਦਲ ਗਏ। ਵਿਸਕੀਆਂ, ਮੁਰਗਿਆਂ ਅਤੇ ਕਾਰਾਂ ਦੇ ਝੂਟਿਆਂ ਨੇ ਸੁਰਜੀਤ ਦੀ ਗੋਗੜ ਖਾਸੀ ਬਾਹਰ ਲੈ ਆਂਦੀ। ਪੁਲਿਸ ਦੇ ਘੋੜਿਆਂ ਨੂੰ ਡਾਹ ਨਾ ਦੇਣ ਵਾਲਾ ਸੁਰਜੀਤ ਚਾਰ ਕਦਮ ਤੁਰ ਕੇ ਹੀ ਹਫਣ ਲੱਗਦਾ ਸੀ।

ਛੋਟੇ ਛੋਟੇ ਨੋਟਾਂ ਦੀ ਥਹੀ ਲਿਆਂ ਕੇ ਜਦੋਂ ਬਲਦੇਵ ਨੇ ਡਰਾਈਵਰ ਨੂੰ ਫੜਾਈ ਤਾਂ ਸੁਰਜੀਤ ਦੀ ਭੁੱਬ ਨਿਕਲਨ ਵਾਲੀ ਹੋ ਗਈ। ਬੱਚਿਆਂ ਦੇ ਗੱਲੇ ਫੋਲੇ ਗਏ ਸਨ ਅਤੇ ਭਗਵਾਨ ਦਾ ਖਜ਼ਾਨਾ ਲੁੱਟਿਆ ਗਿਆ ਲੱਗਦਾ ਸੀ।

ਸੁਰਜੀਤ ਨੂੰ ਲੱਗਾ ਇਕ ਵਾਰ ਫੇਰ ਉਹ ਬਲਦੇਵ ਹੱਥੋਂ ਹਾਰ ਗਿਆ ਹੈ ।

ਉਸਨੂੰ ਕੀ ਹੱਕ ਸੀ ਉਹ ਬਹਿਰਿਆਂ ਅਤੇ ਡਰਾਈਵਰਾਂ ਨਾਲ ਬੈਠ ਕੇ ਸ਼ਰਾਬਾਂ ਪੀਂਦਾ, ਧੋਬੀਆਂ ਤੋਂ ਕਪੜੇ ਧਵਾਉਂਦਾ ਅਤੇ ਵੰਨ ਸਵੰਨੇ ਖਾਣਿਆਂ ਦੇ ਸੁਆਦ ਚਖਦਾ। ਉਹ ਬੱਸ 'ਚ ਨਹੀਂ ਸੀ ਜਾ ਸਕਦਾ ? ਧਰਮਸ਼ਾਲਾ 'ਚ ਰਹਿ ਕੇ ਰੁੱਖੀ ਸੁੱਖੀ ਨਹੀਂ ਸੀ ਖਾ ਸਕਦਾ ? ਉਸਦੀ ਅਕਲ ਕਿਥੇ ਗਈ ਸੀ ਜਦੋਂ ਬਲਦੇਵ ਵਰਗਾ ਨਾਸਤਿਕ ਆਦਮੀ ਮੰਗਲਵਾਰ ਅਤੇ ਵੀਰਵਾਰ ਆਖਕੇ ਸ਼ਰਾਬ ਪੀਣ ਤੋਂ ਟਲਦਾ ਸੀ, ਦੋ ਰੁਪਏ ਦੇ ਕੇਲਿਆਂ ਨਾਲ ਢਿੱਡ ਭਰਕੇ ਵੀਹ ਰੁਪਏ ਬਚਾਉਣ ਲਈ ਵਰਤ ਦਾ ਬਹਾਨਾ ਘੜਦਾ ਸੀ ।

"ਰਹਿਣ ਦੇ ਬਲਦੇਵ...ਪਿੰਡ ਜਾ ਕੇ ਮੈਂ ਆਪੇ ਦੇ ਦਿਊਂ...।" ਆਖਦੇ ਸੁਰਜੀਤ ਨੇ ਨੋਟਾਂ ਦੀ ਥਹੀ ਡਰਾਈਵਰ ਤੋਂ ਫੜਕੇ ਬਲਦੇਵ ਦੀ ਜੇਬ ਵਿਚ ਅੜਾਉਣੀ ਚਾਹੀ।

"ਨਹੀਂ ਯਾਰ ! ਹਾਲੇ ਤਾਂ ਤੇਰਾ ਹੋਰ ਕਰਜਾ ਵੀ ਰਹਿੰਦੈ...ਹੋਟਲ ਵਾਲੇ ਦੇ ਵੀ ਰਹਿੰਦੇ ਨੇ... ਉਹ ਫੇਰ ਦੇਵਾਂਗਾ...ਕਰਾਇਆ ਤਾਂ ਦੇਣਾ ਹੀ ਹੈ...।"

ਬਲਦੇਵ ਬਜ਼ਿਦ ਸੀ। ਉਸ ਦੀ ਭੱਜ ਨੱਠ ਲਈ ਪੈਸਾ ਖਰਚ ਹੋਇਆ ਤਾਂ ਪੈਸੇ ਦੇਣਾ ਉਸਦਾ ਫਰਜ਼ ਹੈ। ਇਹ ਥੋੜਾ ਸੀ ਕਿ ਸੁਰਜੀਤ ਸਾਰੇ ਕੰਮ ਧੰਧੇ ਛੱਡ ਕੇ ਇਹੋ ਜਿਹੀਆਂ ਲੋਆਂ 'ਚ ਪੰਦਰਾਂ ਦਿਨ ਉਸਦੇ ਨਾਲ ਫਿਰਦਾ ਰਿਹਾ ਸੀ। ਅਜੋਕੇ ਹਲਾਤਾਂ ਮੁਤਾਬਕ ਉਸਦੇ ਆਰਾਮ ਦਾ ਖਿਆਲ ਰੱਖਣਾ ਉਸਦਾ ਇਖਲਾਕੀ ਫਰਜ਼ ਸੀ।

"ਹੋਰ ਸ਼ਰਮਿੰਦਾ ਨਾ ਕਰ...ਦੋ ਚਾਰ ਦਿਨਾਂ 'ਚ ਤੇਰੇ ਆਰਡਰ ਨਾ ਕਰਾ ਕੇ ਲਿਆਂਦੇ ਤਾਂ ਮੇਰਾ ਨਾਂ ਸੁਰਜੀਤ ਨਹੀਂ...। ਆਰਡਰ ਵੀ ਤੈਨੂੰ ਘਰ ਬੈਠੇ ਹੀ ਆਉਣਗੇ...।"

ਆਖਦੇ ਸੁਰਜੀਤ ਨੇ ਨੋਟਾਂ ਦੀ ਗੁਥੀ ਲੈਨਿਨ ਦੇ ਬੁੱਤ ਹੇਠਾਂ ਟਿਕਾ ਦਿੱਤੀ ਅਤੇ ਆਪ ਹਨ੍ਹੇਰੀ ਵਾਂਗ ਬੈਠਕ ਚੋਂ ਬਾਹਰ ਨਿਕਲ ਗਿਆ। ਇਸ ਤੋਂ ਪਹਿਲਾਂ ਕੇ ਬਲਦੇਵ ਪੈਸੇ ਮੋੜਨ ਜਾਂਦਾ ਧੂੜਾ ਪੁਟਦੀ ਗੱਡੀ ਪਿੰਡ ਵਾਲਾ ਮੋੜ ਮੁੜ ਚੁੱਕੀ ਸੀ।

ਜਿੰਨੀ ਚਿਰ ਸੁਰਜੀਤ ਕੋਲ ਰਿਹਾ ਬਲਦੇਵ ਦੇ ਹੌਸਲੇ ਬੁਲੰਦ ਰਹੇ। ਸੁਰਜੀਤ ਦਾ ਅਜੀਬ ਜਿਹੇ ਢੰਗ ਨਾਲ ਚਲੇ ਜਾਣਾ ਉਸਨੂੰ ਵੱਢ ਵੱਢ ਖਾਣ ਲੱਗਾ।

ਸੁਰਜੀਤ ਦੇ ਜਾਂਦਿਆਂ ਹੀ ਹਾਰੇ ਜੁਆਰੀਏ ਵਾਂਗ ਬਲਦੇਵ ਸੋਫੇ 'ਚ ਢੇਰ ਹੋ ਗਿਆ। ਉਸਦਾ ਮੱਥਾ ਫਟਨ ਅਤੇ ਲੱਤਾਂ ਦੁਖਣ ਲੱਗੀਆਂ। ਪਛਤਾਵਾ ਉਸਦਾ ਪਿੱਛਾ ਨਹੀਂ ਸੀ ਛੱਡ ਰਿਹਾ : ਸਾਰਾ ਨਿਕ ਸੁਕ ਬਰਬਾਦ ਕਰਨ ਨਾਲੋਂ ਤਾਂ ਚੰਗਾ ਸੀ ਉਹ ਡਿਊਟੀ 'ਤੇ ਹੀ ਚੱਲਾ ਜਾਂਦਾ। ਪੂੰਜੀ ਤਾਂ ਹੱਥੋਂ ਨਾ ਕਿਰਦੀ। ਜਾਂ ਫੇਰ ਛੁੱਟੀ ਲੈਕੇ ਬੈਠ ਜਾਂਦਾ। ਟਿਊਸ਼ਨਾਂ ਤਾਂ ਨਾ ਖਿੰਡਦੀਆਂ। ਆਪੇ ਹੌਲੀ ਹੌਲੀ ਬਦਲੀ ਰੁਕ ਜਾਂਦੀ। ਹੁਣ ਤਾਂ ਉਹ ਸਾਰੇ ਪੱਤੇ ਹਾਰ ਚੁੱਕਾ ਸੀ। ਹੁਣ ਸੋਚਣਾ ਫਜ਼ੂਲ ਸੀ।

ਰਹਿਰਾਸ ਦਾ ਵੇਲਾ ਹੋ ਚੁੱਕਾ ਸੀ, ਘਰ ਦੀ ਨੁੱਕਰ 'ਚ ਬਣੇ ਛੋਟੇ ਜਿਹੇ ਮੰਦਿਰ ਵਿਚ ਟੱਲੀਆਂ ਖੜਕਨ ਲੱਗੀਆਂ। ਬੁੱਢੀ ਮਾਂ ਤੇ ਤਾਂ ਉਸਨੂੰ ਬਹੁਤਾ ਗਿਲਾ ਨਹੀਂ ਸੀ ਪਰ ਅੰਤਰ-ਧਿਆਨ ਹੋ ਕੇ ਆਏਤੀ ਗਾਉਂਦੀ ਚੰਨੀ 'ਤੇ ਉਸਨੂੰ ਅਫਸੋਸ ਸੀ, ਉਸਦੀ ਦਸਾਂ ਸਾਲਾਂ ਦੀ ਮਿਹਨਤ ਮਿੱਟੀ 'ਚ ਮਿਲ ਗਈ ਸੀ। ਮਸਾਂ ਮਸਾਂ ਉਸਨੇ ਚੰਨੀ ਨੂੰ ਵਹਿਮਾਂ ਭਰਮਾਂ 'ਚੋਂ ਕੱਢਿਆ ਸੀ। ਨਿੱਤ ਉਹ ਨਵੀਆਂ ਨਵੀਆਂ ਸੁੱਖਾਂ ਸੁਖਦੇ, ਵਰਤ ਰੱਖਦੇ, ਪੂਜਾ ਪਾਠ ਕਰਕੇ ਰੱਬ ਨੂੰ ਹਰ ਢੰਗ ਨਾਲ ਮਨਾਉਣ ਦਾ ਯਤਨ ਕਰਦੇ। ਸੁੱਖ ਸੀ ਕਦੇ ਵੀ ਕੋਈ ਨਹੀਂ ਸੀ ਹੋਈ। ਕਦੇ ਵੀ ਰੱਬ ਉਹਨਾਂ 'ਤੇ ਮਿਹਰਬਾਨ ਨਹੀਂ ਹੋਇਆ। ਬੜੇ ਪ੍ਰਯਤਨ ਅਤੇ ਪ੍ਰਯੋਗ ਕਰਨੇ ਪਏ ਸਨ ਬਲਦੇਵ ਨੂੰ ਚੰਨੀ ਨੂੰ ਮੰਦਰ ਜਾਣੋਂ ਹਟਾਉਣ ਲਈ ਬੜੀ ਦੇਰ ਬਾਅਦ ਉਹ ਮਾਂ ਨੂੰ ਆਖਣ ਲੱਗੀ ਸੀ ਕਿ ਮੰਗਲਵਾਰ, ਵੀਰਵਾਰ ਜਾਂ ਸ਼ਨੀਵਾਰ ਵਿਚ ਕੋਈ ਫਰਕ ਨਹੀਂ। ਸੁੱਖਾਂ, ਨਾ ਭੁੱਖੇ ਰਹਿ ਕੇ ਪੂਰੀਆਂ ਹੁੰਦੀਆਂ ਹਨ ਨਾ ਪਹਾੜਾਂ ਦੀਆਂ ਚੜ੍ਹਾਈਆਂ ਚੜ੍ਹਕੇ। ਸਗੋਂ ਯਤਨਾਂ ਨਾਲ ਪੂਰੀਆਂ ਹੁੰਦੀਆਂ ਨੇ।

ਇਹੋ ਜਿਹੇ ਹੀ ਖੁੱਲ੍ਹਾ ਦਿਲੇ ਮੁੰਡੇ ਨਾਲ ਚੰਨੀ ਨੂੰ ਵਿਆਹ ਕੇ ਬਲਦੇਵ ਨੇ ਸੁੱਖ ਦਾ ਸਾਹ ਲਿਆ ਸੀ। ਕੀ ਪਤਾ ਸੀ ਤਿੰਨ ਸਾਲਾਂ ਦੇ ਅੰਦਰ ਅੰਦਰ ਹੀ ਉਹ ਪੰਜਾਬ 'ਚ ਚਲਦੀ ਤੱਤੀ ਹਵਾ 'ਚ ਝੁਲਸਿਆ ਜਾਏਗਾ। ਅਤੇ ਚੰਨੀ ਤਰਕ ਨੂੰ ਉਸੇ ਚਿਤਾ ਵਿਚ ਜਲਾ ਕੇ ਮਾਂ ਦੀ ਝੋਲੀ ਆ ਪਵੇਗੀ। ਜ਼ਿੰਦਗੀ ਦੀ ਬਾਜੀ ਹਾਰੀ ਚੰਨੀ ਨੂੰ ਦੇਖਕੇ ਮਾਂ ਜਿੱਤੀ ਜਿੱਤੀ ਮਹਿਸੂਸ ਕਰਦੀ ਸੀ। ਰੱਬ ਵਲੋਂ ਬੇਮੁੱਖ ਹੋਈ ਚੰਨੀ ਹੋਰ ਕੀ ਆਸਾਂ ਰੱਖਦੀ ਸੀ ? ਇਹ ਜਨਮ ਤਾਂ ਗਿਆ ਸੋ ਗਿਆ, ਅਗਲੇ ਜਨਮ ਸੰਵਾਰਨ ਦਾ ਝਾਂਸਾ ਦੇ ਕੇ ਚੰਨੀ ਨੂੰ ਪਿੱਛੇ ਲਾਉਣ ਵਿਚ ਕਾਮਯਾਬ ਹੋਈ ਫਿਰਦੀ ਸੀ।

ਬਲਦੇਵ ਦੀ ਪਸੀਨੇ ਨਾਲ ਭਿੱਜੀ ਬੋਨੈਣ ਬੂ ਛੱਡਣ ਲੱਗੀ। ਪੱਖੇ ਹੇਠਾਂ ਬੈਠੇ ਦਾ ਵੀ ਉਸਦਾ ਪਸੀਨਾ ਨਹੀਂ ਸੀ ਸੁੱਕ ਰਿਹਾ।

ਥੋੜ੍ਹੀ ਜਿਹੀ ਰਾਹਤ ਮਿਲੇ ਇਸ ਲਈ ਉਹ ਟੂਟੀ ਹੇਠਾਂ ਜਾ ਬੈਠਾ। ਗੇਲਨਾਂ ਦੇ ਗੇਲਨ ਪਾਣੀ ਡੋਲਕੇ ਵੀ.

ਸਰੀਰ ਦੀ ਤਪਸ਼ ਮੱਠੀ ਨਹੀਂ ਸੀ ਪੈ ਰਹੀ ।

ਤਪਦੇ ਤਨ ਮਨ ਨਾਲ ਉਸਨੇਂ ਇੱਕ ਦੋ ਬੁਰਕੀਆਂ ਅੰਦਰ ਸੁੱਟੀਆਂ ਅਤੇ ਬਿਨਾਂ ਕਿਸੇ ਨਾਲ ਗੱਲ-ਬਾਤ ਕੀਤੇ ਕੋਠੇ ਜਾ ਚੜ੍ਹਿਆ ।

ਨਾਲੇ ਬਲਦੇਵ ਪਾਸੇ ਪਰਤਦਾ ਰਿਹਾ ਨਾਲੇ ਇਤਿਹਾਸ ਦੀ ਚਕਰੀ ਨੂੰ ਪੁੱਠੀ ਘੁੰਮਦੀ ਦੇਖਕੇ ਹੈਰਾਨ ਹੁੰਦਾ ਰਿਹਾ। ਕਿਧਰ ਛਾਈਂ ਮਾਈਂ ਹੋ ਗਏ ਉਹ ਨੌਜਵਾਨ ਜਿਹੜੇ ਇਸ ਤੋਂ ਬਿਲਕੁਲ ਉਲਟ ਸੁਪਨਾ ਲੈ ਕੇ ਚਲੇ ਸਨ ।

ਉਸਦਾ ਖੋਜੀ ਦਿਮਾਗ ਇਕ ਇਕ ਸਾਥੀ ਦਾ ਪਿੱਛਾ ਕਰਨ ਲੱਗਾ । ਕੋਈ ਕਿਧਰੇ ਨਹੀਂ ਗਿਆ । ਸਭ ਹੀ ਰਚੇ ਮਿਚੇ ਬੈਠੇ ਹਨ। ਪੈਸੇ ਨੂੰ "ਇਨਕਲਾਬ" ਸਮਝ ਕੇ ਉਹਨਾਂ ਨੇ ਸਭ ਕੁਝ ਭੁਲਾ ਦਿਤੇ । ਇਕ ਤਾਂ ਹੁਣੇ ਗਿਆ ਹੈ । ਜ਼ਿਲ੍ਹੇ ਦਾ ਜਥੇਦਾਰ ਕਾਲੀ ਪੱਗ, ਚਿੱਟਾ ਕੁੜਤਾ ਪਜਾਮਾ, ਤਿੱਲੇਦਾਰ ਜੁੱਤੀ ਅਤੇ ਰੰਗਦਾਰ ਐਨਕਾਂ। ਕਿੰਨਾ ਫੱਬਦਾ ਹੈ ਸਭ ਕੁਝ । ਕਦੇ ਸੂਰਜ-ਮਾਰਕਾ ਅਖਵਾਉਂਦਾ ਇਸ ਤੋਂ ਦੋ ਛਾਲਾਂ ਵੱਧ ਮਾਰਕੇ ਮੰਤਰੀ ਬਣ ਗਿਆ । ਝੰਡੀ ਵਾਲੀ ਕਾਰ ਹੋਵੇ ਤਾਂ ਡਰਾਈਵਰਾਂ ਮਕੈਨਿਕਾਂ ਤੋਂ ਕੀ ਲੈਣਾ ? ਜਗਤਾਰ ਐਫ. ਸੀ. ਆਈ. ਦਾ ਏ. ਐਮ. ਹੈ । ਇਨਕਲਾਬ ਦੀਆਂ ਹੋਰ ਗੱਲਾਂ ਤਾਂ ਭੁੱਲ ਭੁਲਾ ਗਿਆ ਪਰ ਦਲੇਰੀ ਨਹੀਂ ਛੱਡੀ। ਇਕ ਅੱਧ ਬੋਰੀ ਨਹੀਂ, ਟਰੱਕਾਂ ਦੇ ਟਰੱਕ ਖਪਾਉਣ ਲਈ ਮਸ਼ਹੂਰ ਹੈ । ਕਈ ਸ਼ੈਲਰਾਂ 'ਚ ਹਿਸੇਦਾਰ ਹੈ, ਉਂਝ ਅਫਸਰਾਂ ਦੇ ਰੋਹਬ ਪਾਉਣ ਲਈ ਕਦੇ ਕਦੇ ਪੰਜ ਚਾਰ ਸੌ ਦੀ ਪਰਚੀ ਕਟਵਾ ਲੈਂਦਾ ਹੈ। ਉਂਝ ਜੇ ਉਸਦੇ ਤਹਿਤ ਡੁੱਲ੍ਹੀ ਕਣਕ ਚੁਗਦੀਆਂ ਬਿਹਾਰਨਾਂ ਤੇ ਡੰਡਾ ਚਾੜ੍ਹ ਦੇਣ ਜਾਂ ਬਦਫੈਲੀ ਕਰ ਲੈਣ ਤਾਂ ਉਸਦੇ ਸੀਨੇ 'ਚ ਕੋਈ ਦਰਦ ਨਹੀਂ ਉਠਦਾ । ਤਿੰਨ ਸਾਥੀ ਮਰਵਾ ਕੇ ਸਿਪਾਹੀ ਭਰਤੀ ਹੋਇਆ ਨਿੰਦਰ ਅੱਜ ਕੱਲ੍ਹ ਥਾਣੇਦਾਰ ਹੈ । ਫ਼ਾਰਮ ਬਣ ਗਿਆ, ਕੰਬਾਈਨ ਆ ਗਈ ਅਤੇ ਤਿੰਨ ਟਰੱਕ ਪੈ ਗਏ । ਜਿੰਨ੍ਹਾਂ ਦਾ ਦਾਅ ਲੱਗ ਗਿਆ ਉਹਨਾਂ ਲਾ ਲਿਆ । ਜੋ ਪਛੜ ਗਏ ਉਹਨਾਂ ਨਵੀਂਆਂ ਪਨਾਹਗਾਹਾਂ ਲੱਭ ਲਈਆਂ । ਮੋਟਰ ਸਾਈਕਲ ਲੈ ਲਏ, ਪਸਤੌਲ ਲੈ ਲਏ, ਨਵੇਂ ਨਿਸ਼ਾਨੇ ਅਤੇ ਨਵੇਂ ਨਾਹਰੇ ਵੀ ।

ਬਲਦੇਵ ਵਰਗਾ ਤਾਂ ਕੋਈ ਟਾਂਵਾਂ ਟਲਾਂ ਹੀ ਸੀ। ਨਵੀਆਂ ਨਰੀਰੀਆਂ ਲਾਉਣ ਲਈ ਉਹ ਅਧਿਆਪਕ ਬਣਿਆ । ਕੁਝ ਕੁ ਬੂਟੇ ਲਾਏ ਵੀ । ਜੇ ਝੱਖੜਾਂ ਨੇ ਉਹਨਾਂ ਦੀਆਂ ਜੜ੍ਹਾਂ ਉਖਾੜ ਦਿੱਤੀਆਂ ਤਾਂ ਉਸਦਾ ਕੀ ਕਸੂਰ ?

ਸੁੱਖੀ ਨੇ ਉਸਨੇ ਫਜ਼ਿਕਸ ਕਮਿਸਟਰੀ ਨਾਲੋਂ ਤਰਕ ਦੀ ਸਾਇੰਸ ਜ਼ਿਆਦਾ ਪੜ੍ਹਾਈ ਸੀ । ਕਾਲਜ ਦੇ ਦਿਨਾਂ ਤੱਕ ਉਹ ਬਲਦੇਵ ਰਹਿਨੁਮਾਈ ਲੈਂਦਾ ਰਿਹਾ। ਜਦੋਂ ਉਸਦੇ ਗੋਲਡ ਮੈਡਲਾਂ ਦੀ ਕਦਰ ਨਾ ਹੀ ਪਈ ਤਾਂ ਵੇਹਲਾ ਫਿਰਦਾ ਫਿਰਦਾ ਉਹ ਸਰਕਾਰ ਦੇ ਨਾਲ ਨਾਲ ਬਲਦੇਵ ਤੋਂ ਵੀ ਬਾਗੀ ਹੋ ਗਿਆ । ਹੁਣ ਬੈਂਕਾਂ ਲੁੱਟਣਾਂ, ਖੋਹਾਂ ਕਰਨਾਂ ਅਤੇ ਪੁਲਿਸ ਨੂੰ ਚਕਮਾ ਦੇਣਾ ਉਸਦੇ ਖੱਬੇ ਹੱਥ ਦੀ ਖੇਡ ਹੈ ।

ਸ਼ਿੰਦੀ ਉਸਤੋਂ ਵੀ ਦੋ ਕਦਮ ਅੱਗੇ ਸੀ । ਬਾਪ ਦੇ ਮਰ ਜਾਣ ਤੇ ਪੜ੍ਹਾਈ ਛੱਡਣੀ ਪਈ ਤਾਂ ਚਲੋ ਕੋਈ ਨਹੀਂ । ਉਸ ਨੂੰ ਉਮੀਦ ਸੀ ਉਹ ਪਿੰਡ ਦੀ ਕ੍ਰਿਸਾਨੀ ਨੂੰ ਲਾਮਬੰਦ ਕਰ ਲਏਗਾ । ਕਈ ਘੋਲ ਉਸਨੇ ਲੜੇ ਵੀ । ਤੱਤਾ ਖੂਨ ਸੀ । ਲਗਾਤਾਰ ਦੋ ਵਰ੍ਹੇ ਗੜਿਆਂ ਅਤੇ ਹੜ੍ਹਾਂ 'ਚ ਫਸਲ ਗਵਾ ਕੇ ਖੂਨ ਉਬਾਲੇ ਖਾ ਗਿਆ । ਯੁੱਗ ਪਲਟਣ ਲਈ ਕਾਹਲਾ ਪੈ ਕੇ ਉਹ ਵੀ ਸੁੱਖੀ ਨਾਲ ਜਾ ਰਲਿਆ । ਹੁਣ ਪੰਜ ਚਾਰ ਬੰਦੇ ਮਾਰਨਾ ਉਸਦਾ ਸ਼ੌਕ ਹੈ ।

ਸੁੱਖੀ ਸ਼ਿੰਦੀ ਲਈ ਤਾਂ ਕੋਈ ਬਾਹਾਂ ਅੱਡੀ ਖੜਾ ਸੀ । ਉਹਨਾਂ ਨੂੰ ਬੋਚ ਲਿਆ ਦਸ ਪੜ੍ਹਿਆ ਮੁਸਲਮਾਨਾਂ ਦਾ ਫਰੀਦਾ ਕਿਧਰ ਜਾਂਦਾ । ਚਾਰ ਅੱਖਰ ਪੜ੍ਹਕੇ ਖੱਡੀ ਤੇ ਬੈਠਣੋਂ ਉਸ ਨੂੰ ਸ਼ਰਮ ਆਉਂਦੀ ਸੀ ਤੇ ਕੁਰਸੀ ਤੇ ਉਸਨੂੰ ਕੋਈ ਹੱਥ ਨਹੀਂ ਸੀ ਲਾਉਣ ਦਿੰਦਾ । ਦੋ ਚਾਰ ਸਾਲ ਤਾਂ ਚਿੱਟੇ ਕਪੜੇ ਪਾ ਕੇ ਸੱਥ 'ਚ ਬੈਠਾ । ਫੇਰ ਕਾਰਾਂ ਦੇ ਝੂਟਿਆਂ ਦੇ ਸਵਾਦ 'ਚ ਪਿਆ ਹੰਸੇ ਹੋਰਾਂ ਦੀ ਅਫ਼ੀਮ ਢੋਣ ਲੱਗਾ । ਦਿੱਲੀ ਦੇ ਚੱਕਰ ਕਟਦਾ ਕਟਦਾ ਬਾਬਰੀ ਮਸਜਿਦ ਵਾਲਿਆਂ ਦਾ ਲੀਡਰ ਜਾ ਬਣਿਆ।

ਚਿੜੀ ਤੋਂ ਡਰਨ ਵਾਲਾ ਬਾਣੀਆਂ ਦਾ ਭੂਸ਼ੀ ਤ੍ਰਿਸ਼ੂਲ ਚੁਕੀ ਫਿਰਦੈ । ਫੈਕਟਰੀਆਂ ਦੇ ਮੁਕਾਬਲੇ 'ਚ ਜਦੋਂ ਉਸਦੀ ਵਰਕਸ਼ਾਪ ਫੇਲ ਹੋ ਗਈ ਤਾਂ ਉਸਨੇ ਸ਼ਿਵ ਸੈਨਾਂ ਲਈ ਪਸਤੌਲ ਬਣਾਉਣੇ ਸ਼ੁਰੂ ਕਰ ਦਿਤੇ । ਦੁਕਾਨ ਵੀ ਵਧੀਆ ਚੱਲ ਪਈ, ਪੈਸਾ ਵੀ ਹੋ ਗਿਆ ਅਤੇ ਨਾਂ ਵੀ ।

ਬਲਦੇਵ ਕਿਸ ਕਿਸ ਨੂੰ ਮੋੜਾ ਪਾਵੇ । ਬਾਹਰ ਤਾਂ ਕੀ ਉਸਦੇ ਘਰੇ ਹੀ ਬਗਾਵਤ ਦੇ ਝੰਡੇ ਬੁਲੰਦ ਹਨ । ਸ਼ਿੰਦੇ ਦੇ ਪੁਲਿਸ ਮੁਕਾਬਲੇ 'ਚ ਮਰਨ ਦੀ ਖ਼ਬਰ ਆਵੇ ਚਾਹੇ ਜੱਸੇ ਦੀ ਉਸਦੇ ਸੀਨੇ ਤਾਂ ਖੋਹ ਪੈਣ ਲਗਦੀ ਪਰ ਚੰਨੀ ਦੀਆਂ ਅੱਖਾਂ ਚਮਕ ਪੈਂਦੀਆਂ । ਉਸਨੂੰ ਲਗਦਾ ਹੈ ਜਿਵੇਂ ਉਸਦੇ ਪਤੀ ਦਾ ਬਦਲਾ ਲੈ ਲਿਆ ਗਿਆ ਹੈ । ਉਸ ਭੋਲੀ ਭੈਣ ਦੀ ਸਮਝ ਨੂੰ ਵੀ ਸਿਉਂਕ ਲੱਗ ਗਈ । ਉਹ ਭੁੱਲ ਜਾਂਦੀ ਹੈ ਕਿ ਸ਼ਿੰਦੇ ਦਾ ਬਦਲਾ ਲੈਣ ਵੀ ਹਜ਼ਾਰਾਂ ਜੱਸੇ ਪੈਦਾ ਹੋਣਗੇ ਅਤੇ ਲੱਖਾਂ ਸਤਿੰਦਰਾਂ ਨੂੰ ਜਾਨਾਂ ਦੇਣੀਆਂ ਪੈਣਗੀਆਂ । ਸਤਿੰਦਰਾਂ ਦੀ ਰਾਖੀ ਦੇ

ਬਹਾਨੇ ਲੱਖਾਂ ਜੱਸੇ ਸਰਕਾਰੀ ਗੋਲੀ ਦਾ ਸ਼ਿਕਾਰ ਹੋਣਗੇ। ਇਸ ਤਰ੍ਹਾਂ ਤੇ ਗਿਣਤੀ ਵਧਦੀ ਹੀ ਜਾਣੀ ਹੈ ਵਧਦੀ ਹੀ ਜਾਣੀ ਹੈ ਜਿੰਨਾਂ ਚਿਰ ਸੁੱਖੀਆਂ ਨੂੰ ਨੌਕਰੀਆਂ ਨਹੀਂ ਮਿਲਦੀਆਂ, ਸ਼ਿੰਦੀਆਂ ਨੂੰ ਫਸਲਾਂ ਦਾ ਮੁੱਲ ਨਹੀਂ ਮਿਲਦਾ ਅਤੇ ਭੂਸ਼ੀਆਂ ਨੂੰ ਸਹੀ ਮਿਹਨਤਾਨਾ।

ਰਾਤ ਪੂਰੇ ਜੋਬਨ ਤੇ ਸੀ ਪਰ ਤੱਤੀਆਂ ਹਵਾਵਾਂ ਦੀ ਤਪਸ਼ ਮੱਠੀ ਨਹੀਂ ਸੀ ਪਈ। ਗਰਮ ਹਵਾ ਦੇ ਬੁੱਲੇ ਕਈ ਵਾਰ ਉਸਦੇ ਨੰਗੇ ਪਿੰਡੇ ਨੂੰ ਝੁਲਸ ਚੁੱਕੇ ਸਨ। ਘੁੱਟ ਘੁੱਟ ਕਰਕੇ ਸਰਾਹਣੇ ਪਿਆ ਸਾਰਾ ਤਪਲਾ ਉਸਨੇ ਅੰਦਰ ਸੁਟ ਲਿਆ ਸੀ ਪਰ ਸੁੱਕੇ ਗਲੇ ਨੂੰ ਭੋਰਾ ਵੀ ਰਾਹਤ ਨਹੀਂ ਸੀ ਮਿਲੀ। ਥੱਲੇ ਜਾ ਕੇ ਤਪਲਾ ਭਰਨ ਦੀ ਉਸਦੀ ਹਿੰਮਤ ਨਹੀਂ ਸੀ। ਮਸਾਂ ਮਸਾਂ ਤਾਂ ਟੱਬਰ ਸੁੱਤਾ ਸੀ। ਮਾੜੀ ਜਿਹੀ ਆਹਟ ਨਾਲ ਹੀ ਉਹਨਾਂ ਉਠ ਕੇ ਉਸ ਦੁਆਲੇ ਹੋ ਜਾਣਾ ਸੀ। ਉੱਝ ਵਾਰ ਵਾਰ ਖੰਘਦੀ ਮਾਂ ਅਤੇ ਸਰੋਜ ਦੇ ਮੰਜੇ ਦੀਆਂ ਚੀਕਦੀਆਂ ਚੂਲਾਂ ਤੋਂ ਉਸਨੂੰ ਰਤੀ ਵੀ ਸ਼ੱਕ ਨਹੀਂ ਸੀ ਕਿ ਉਹ ਵੀ ਉਸੇ ਵਾਂਗ ਸਮੇਂ ਨੂੰ ਧੱਕਾ ਦੇ ਰਹੀਆਂ ਸਨ।

ਗਰਮੀ ਅਤੇ ਪਿਆਸ ਨੇ ਉਸਨੂੰ ਬੇਚੈਨ ਕਰ ਰੱਖਿਆ ਸੀ। ਕਦੇ ਕਦੇ ਜੇ ਅੱਖ ਲੱਗ ਵੀ ਜਾਂਦੀ ਤਾਂ ਅਜੀਬ ਅਜੀਬ ਜਿਹੇ ਸੁਪਨੇ ਉਸਦਾ ਪਿੱਛਾ ਕਰਦੇ। ਕਦੇ ਸਤਿੰਦਰ ਦੇ ਵੈਣ,...ਕਦੇ ਝੂਠੇ ਪੁਲਿਸ ਮੁਕਾਬਲੇ 'ਚ ਮਰ ਰਿਹਾ ਪੁੱਤਰਾਂ ਵਰਗਾ ਸੁੱਖੀ...ਕਦੇ ਅੰਡਰਗਰਾਊਂਡ ਵਾਲੇ ਦਿਨਾਂ 'ਚ ਉਹਨਾਂ ਨੂੰ ਸਮਝਾ ਰਿਹਾ ਸੁਰਜੀਤ... ਕਦੇ ਹੋਟਲ ਦੇ ਬਿੱਲ ਤੋਂ ਡਰਦਾ ਬਲਦੇਵ...ਕਦੇ ਮੁੱਖ ਮੰਤਰੀ ਦੀ ਕੋਠੀ...ਉਸਦੇ ਟਾਇਪ ਹੋ ਰਹੇ ਆਰਡਰ...। ਕਦੇ ਡੀ. ਈ. ਓ. ਨਾਲ ਝਪਟ। ਕਦੇ ਲੋਕਾਂ ਦੀ ਹਾਹਾਕਾਰ...। ਕਦੇ ਨਵਤੇਜ ਸਿੰਘ ਦਾ ਪੁੱਤਰ ਅਤੇ ਗੁਰਬਖਸ਼ ਸਿੰਘ ਦਾ ਪੋਤਾ, ਵਾਲ ਕਟਾਉਣ ਬਦਲੇ ਸ਼ਹਾਦਤ ਪਾਉਂਦਾ ਸੁਮੀਤ...। ਕਦੇ ਜੂਝ ਰਹੇ ਰਤਨ ਪਟਵਾਰੀ, ਬਲਦੇਵ ਮਾਨ ਅਤੇ ਦੀਪਕ ਧਵਨ ਦੀਆਂ ਰੂਹਾਂ...।

ਇਸੇ ਘਬਰਾਹਟ ਵਿਚ ਬਲਦੇਵ ਉੱਠਕੇ ਬੈਠ ਗਿਆ। ਤਾਰਿਆਂ ਨਾਲ ਭਰੇ...ਅਸਮਾਨ 'ਚ ਮਟਕ ਮਟਕ ਤੁਰਦੇ ਚੰਦਰਮਾਂ ਵੱਲ ਤੱਕਣ ਲੱਗਾ।

ਰਾਤ ਬੁਢਾਪੇ ਵਿਚ ਦਾਖਲ ਹੋ ਗਈ ਸੀ। ਇਸੇ ਲਈ ਕਦੇ ਕਦੇ ਠੰਡੀ ਹਵਾ ਦਾ ਬੁੱਲ੍ਹਾ ਨਸੀਬ ਹੋਣ ਲੱਗਾ ਸੀ।

ਚਮਕਦੇ ਸਿਤਾਰਿਆਂ ਸਾਹਮਣੇ ਬਲਦੇਵ ਸ਼ਰਮਸਾਰ ਜਿਹਾ ਹੋ ਗਿਆ। ਉਹਨਾਂ ਨਾਲ ਅੱਖ ਮਿਲਦਿਆਂ ਹੀ ਉਸਦੇ ਸੀਨੇ 'ਚ ਉਠਦੀਆਂ ਭਾਵਨਾਵਾਂ ਵਿਚ ਜਵਾਰ ਭਾਟੇ ਉੱਠ ਖੜੋਤੇ।

ਦੋਹੇਂ ਬਾਹਾਂ ਫੈਲਾ ਕੇ ਉਸਨੇ ਅਸਮਾਨ ਨੂੰ ਹਾਬਾਂ 'ਚ ਭਰਨਾ ਚਾਹਿਆ। ਉਸਦਾ ਦਿਲ ਕੀਤਾ ਉਹ ਇਕ ਤਾਰੇ ਦੀ ਬਾਂਹ ਫੜੇ ਅਤੇ ਪੁੱਛੇ :

"ਕੀ ਇਹਨ੍ਹਾਂ ਦੇ ਕਲਪਨਾ ਦੇ ਦੇਸ਼ ਵਿਚ ਤੁਸੀਂ ਦਿਨੇ ਦਿਨੇ ਦਿਖਾਈ ਦੇਣ ਲਗੋਗੇ, ਤੁਹਾਡਾ ਸਾਥੀ ਚੰਦਰਮਾ ਅੱਗ ਵਰਸਾਉਣ ਲੱਗੇਗਾ, ਸੂਰਜ ਦੀ ਤਾਸੀਰ ਬਦਲ ਜਾਏਗੀ, ਜੂਨ ਮਹੀਨੇ ਬਰਫਾਂ ਪੈਣ ਲਗਣਗੀਆਂ, ਨਦੀਆਂ ਸਮੁੰਦਰਾਂ ਚੋਂ ਨਿਕਲਣਗੀਆਂ ਜਾਂ ਦਰਖ਼ਤ ਹਵਾ 'ਚ ਲਟਕਣ ਲਗਣ ਗੇ ? ਕੀ ਉੱਥੇ ਆਦਮੀ ਚਾਰ ਹੱਥ ਹੋਣਗੇ ਜਾਂ ਫੇਰ ਬਿਨਾਂ ਖਾਧਿਆਂ ਭੁੱਖ ਮਿੱਟ ਜਾਏਗੀ ? ਕੀ ਸਾਰੇ ਮਜ਼ਦੂਰ ਮਾਲਕ ਬਣ ਜਾਣਗੇ ਜਾਂ ਮਾਲਕ ਮਜ਼ਦੂਰੀ ਕਰਨ ਲੱਗਣਗੇ ? ਸ਼ਾਇਦ ਕੁੱਝ ਵੀ ਨਹੀਂ ਬਦਲੇਗਾ। ਬੱਸ ਟਾਟਿਆਂ ਬਿਰਲਿਆਂ ਦੇ ਨਾਂ ਹੀ ਬਦਲਣਗੇ। ਸੁਖੀਆਂ, ਸ਼ਿੰਦੀਆਂ ਅਤੇ ਫਰੀਦਿਆਂ ਦੀਆਂ ਕਤਾਰਾਂ ਹੋਰ ਲੰਬੀਆਂ ਹੋ ਜਾਣਗੀਆਂ।"

"ਪਰ ਕੌਣ ਸਮਝਾਏ ਲੋਕਾਂ ਨੂੰ ਇਹ ਸਭ ਕੁਝ ? ਸਰਕਾਰ...ਨਹੀਂ। ਉਸਦੀ ਤਾਂ ਇਹ ਪੈਦਾਇਸ਼ ਹੈ। ਜਿੰਨਾ ਚਿਰ ਲੜਾਈ ਚਲਦੀ ਰਹੇਗੀ ਉਹਨਾਂ ਦੀਆਂ ਕੁਰਸੀਆਂ ਬਚੀਆਂ ਰਹਿਣਗੀਆਂ। ਸੁਰਜੀਤ--ਨਹੀਂ। ਉਸਦੀ ਜਥੇਦਾਰੀ ਖੁੱਸ ਜਾਏਗੀ। ਵਜ਼ੀਰੀ ਦੇ ਸੁਪਨੇ ਬਿੱਖਰ ਜਾਣਗੇ। ਜਗਤਾਰ ਨਹੀਂ। ਉਸ ਕੋਲ ਵਕਤ ਕਿੱਥੇ ? ਉਹ ਕਿਉਂ ਆਖੂ : ਆਓ ਪੱਲੇਦਾਰੋ ਮੇਰਾ ਸ਼ੈਲਰ ਸਾਂਭੋ। ਮੈਂ ਤੁਹਾਡੇ ਮੋਢੇ ਨਾਲ ਮੋਢਾ ਜੋੜ ਕੇ ਖ਼ੂਨ ਪਸੀਨਾ ਇਕ ਕਰਦਾ ਹਾਂ। ਨਿੰਦਰ...ਨਹੀਂ। ਉਸਦੀ ਥਾਣੇਦਾਰੀ ਦਾ ਕੀ ਬਣੂ ? ਉਸ ਲਈ ਤਾਂ ਗੜਬੜਾਂ ਸੁਨਹਿਰੀ ਮੌਕਾ ਹਨ...ਮੁਕਾਬਲੇ ਬਣਾ ਬਣਾ ਸਟਾਰ ਜਿੱਤਦਾ ਰਹੇਗਾ ..।

ਬਾਕੀ ਤਾਂ ਫੇਰ ਬਲਦੇਵ ਹੀ ਬਚਿਆ ਹੈ।

ਉਹ ਵੀ ਪਹਿਲਾਂ ਵਾਲਾ ਬਲਦੇਵ ਨਹੀਂ ਰਿਹਾ। ਉੱਸ ਸਮੇਂ ਪਿਓ ਸਿਰ 'ਤੇ ਸੀ। ਚੰਗਾ ਮਾੜਾ ਘਰ ਦਾ ਖਰਚ ਤਾਂ ਤੁਰਦਾ ਹੀ ਸੀ। ਹੁਣ ਤਾਂ ਉਹ ਵੀ ਨਹੀਂ ਰਿਹਾ। ਬੁੱਢੀ ਮਾਂ ਹੈ...ਜਿਹੜੀ ਖ਼ਬਰਾਂ ਸੁਣ ਕੇ ਹੀ ਕੰਬਣ ਲੱਗਦੀ ਹੈ...ਵਿਧਵਾ ਚੰਨੀ ਹੈ। ਉਸਦੀ ਛੇ ਮਹੀਨਿਆਂ ਦੀ ਬੱਚੀ। ਕੌਣ ਹੈ ਜੋ ਪਿਛੋਂ ਉਹਨਾਂ ਦੀ ਨੀਰ ਵੀ ਬੰਧਾ ਸਕੇ। ਸਰੋਜ...ਉਸਦੇ ਦੋ ਮਾਸੂਮ ਬੱਚੇ ...ਉਹ ਏਡਾ ਵੱਡਾ ਮਹਾਂਭਾਰਤ ਇਕੱਲਾ ਕਿਵੇਂ ਲੜ ਸਕਦਾ ਹੈ ?

"ਤੇਰੀ ਸੋਚ ਨੂੰ ਵੀ ਗ੍ਰਹਿਣ ਲੱਗ ਗਿਆ ?" ਤਾਰਿਆਂ 'ਚ ਚਮਕਦੇ ਸ਼ਹੀਦ ਸਾਥੀਆਂ ਦੇ ਚਿਹਰੇ ਉਸਤੇ ਮੁਸਕਰਾਏ।

"ਛੋਟੇ ਜਿਹੇ ਟੱਬਰ ਦੀ ਸੋਚਣ ਲੱਗਿਐਂ। ਵੱਡੇ

ਪਰਿਵਾਰ ਦਾ ਕੀ ਬਣੂ ?"

ਤਾਰਿਆਂ 'ਚ ਘਿਰੇ ਬਲਦੇਵ ਨੇ ਚਾਰੇਂ ਪਾਸੇ ਨਜ਼ਰ ਦੌੜਾਈ। ਪੂਰਬ ਦੀ ਕੁੱਖ ਸੂਹੀ ਹੁੰਦੀ ਜਾ ਰਹੀ ਸੀ। ਹੁਣ ਸੂਰਜ ਦੇ ਉੱਗਣ ਦੀ ਵਾਰੀ ਸੀ।

ਬਲਦੇਵ ਮਲਕੜੇ ਜਿਹੇ ਪੌੜੀਆਂ ਉੱਤਰਿਆ। ਟਰੰਕ ਪੇਟੀਆਂ ਫਰੋਲ ਕੇ ਪੁਰਾਣਾ ਝੋਲਾ ਕੱਢਿਆ। ਇਕ ਦੋ ਪੁਸਤਕਾਂ, ਕੁੜਤਾ ਪਜਾਮਾ ਅਤੇ ਹੋਰ ਨਿਕ-ਸੁਕ ਪਾ ਕੇ ਝੋਲਾ ਮੋਢੇ 'ਤੇ ਲਟਕਾ ਲਿਆ।

ਉਸਨੂੰ ਮਿੰਟੀ ਸਕਿੰਟੀ ਤਿਆਰ ਹੋਇਆ ਦੇਖਕੇ ਹੈਰਾਨ ਪ੍ਰੇਸ਼ਾਨ ਸਾਰਾ ਟੱਬਰ ਹੇਠਾਂ ਉੱਤਰ ਆਇਆ।

"ਸੁਰਜੀਤ ਵੱਲ ਚੱਲਿਐਂ ਪੁੱਤਰ ?" ਪੁਰਾਣਾ ਝੋਲਾ ਦੇਖ ਕੇ ਬੁੱਢੀ ਦਾ ਮੱਥਾ ਠਣਕ ਗਿਆ ਸੀ। ਦਿਲ ਧੜਕਨ ਲੱਗਾ ਸੀ ਅਤੇ ਲੱਤਾਂ ਕੰਬ ਰਹੀਆਂ ਸਨ। ਫੇਰ ਵੀ ਹਿੰਮਤ ਬਟੋਰ ਕੇ ਉਸਨੇ ਪੁੱਛ ਹੀ ਲਿਆ।

"ਨਹੀਂ। ਮੈਂ ਤਾਂ ਡਿਊਟੀ 'ਤੇ ਚੱਲਿਐਂ !"

ਚੰਨੀ ਦੀਆਂ ਅੱਖਾਂ 'ਚ ਉਮਡ ਆਏ ਹੰਝੂਆਂ ਨੂੰ ਪੂੰਝਦਿਆਂ ਬਲਦੇਵ ਨੇ ਮਾਂ ਨੂੰ ਸਮਝਾਇਆ।

"ਪਿਛੋਂ ਸਾਡਾ ਕੀ ਬਣੂ ਭਾਈ ?"

"ਮੈਂ ਸੌੜੇ ਭਲੇ ਲਈ ਹੀ ਜਾ ਰਿਹਾਂ। ਸਰਬੱਤ ਦੇ ਭਲੇ ਲਈ। ਜੇ ਅੱਗ ਇਸ ਤਰ੍ਹਾਂ ਵੱਧਦੀ ਰਹੀ ਤਾਂ ਕਦੇ ਉਸਨੇ ਸਾਡੇ ਵੱਲ ਵੀ ਰੁਖ ਕਰ ਲੈਣੈ...ਤੂੰ ਬਸ ਘਰ ਦਾ ਖਿਆਲ ਰੱਖ...।'

ਸਰੋਜ ਦੀ ਪਿੱਠ ਥਾਪੜ ਕੇ ਬਲਦੇਵ ਨੇ ਪਿੱਠ ਭੁਆਂਈ। ਸੂਰਜ ਦੀਆਂ ਪਹਿਲੀਆਂ ਕਿਰਨਾਂ ਨੇ ਉਸਦਾ ਮੱਥਾ ਚੁੰਮਿਆ।

ਬਸ ਸਟੈਂਡ ਵੱਲ ਤੇਜ਼ ਤੇਜ਼ ਕਦਮ ਪੁੱਟਦੇ ਬਲਦੇਵ ਨੂੰ ਦੇਖ ਕੇ ਮਾਂ ਦੇ ਦਿਲ ਵਿਚ ਖੋਹ ਪੈਣ ਲੱਗੀ। ਉਸ ਨੂੰ ਲੱਗ ਰਿਹਾ ਸੀ ਜਿਵੇਂ ਉਸਦਾ ਇਕੋ ਇਕ ਪੁੱਤ ਲਾਮ 'ਤੇ ਚਲਿਆ ਹੋਵੇ।

00

## ਪੰਜਾਬ ਦੇ ਮਸਲੇ ਬਾਰੇ ਪ੍ਰੋ: ਰਣਧੀਰ ਸਿੰਘ ਜੀ ਦੀ ਇਕ ਚਿੱਠੀ :

ਪਿਆਰੇ ਗੁਰਸ਼ਰਨ, ਸਮਤਾ ਦੇ ਪਾਠਕ ਲੇਖਕ ਫੋਰਮ ਵਿਚ ਕਿਸੇ ਮਸਲੇ ਬਾਰੇ ਗੰਭੀਰ ਰੂਪ ਵਿਚ ਆਪਸੀ ਵਿਚਾਰ ਵਟਾਂਦਰਾ, ਹਮੇਸ਼ਾਂ ਦਿਲਚਸਪ ਹੁੰਦਾ ਹੈ, ਜੁਲਾਈ ਅੰਕ ਵਿਚ ਇਸ ਕਾਲਮ ਦੇ ਹੇਠ ਜੋ ਸਮੱਗਰੀ ਆਈ ਹੈ, ਉਸਨੇ ਪੰਜਾਬ ਦੇ ਮਸਲੇ ਬਾਰੇ ਕੁਝ ਜ਼ਰੂਰੀ ਨੁੱਕਤੇ ਉਭਾਰੇ ਹਨ। ਮੈਂ ਜਦੋਂ ਬਠਿੰਡਾ ਅਤੇ ਮੋਗੇ ਆਉਣਾ ਸੀ ਤਾਂ ਇਹਨਾਂ ਬਾਰੇ ਆਪਣੇ ਵਿਚਾਰ ਦਸਣੇ ਸਨ, ਪਰ ਬਸ ਕਾਂਡਾਂ ਦੇ ਵਾਪਰਨ ਕਰਕੇ ਪ੍ਰਬੰਧਕਾਂ ਵਲੋਂ ਇਹ ਪ੍ਰੋਗਰਾਮ ਮੁਲਤਵੀ ਕਰਨੇ ਪਏ ਹਨ, ਇਸ ਲਈ ਮੈਂ ਚਾਹੁੰਦਾ ਹਾਂ ਕਿ ਕੁਝ ਗੱਲਾਂ ਮੈਂ ਸਮਤਾ ਦੇ ਸੂਝਵਾਨ ਪਾਠਕਾਂ ਨਾਲ ਜ਼ਰੂਰ ਸਾਂਝੀਆ ਕਰਾਂ। ਮੈਂ ਜਾਣਨਾ ਹਾਂ ਕਿ ਜਿਹੜੇ ਨੁੱਕਤੇ ਮੈਂ ਉਠਾ ਰਿਹਾ ਹਾਂ, ਉਹ ਕਾਫੀ ਵਿਆਖਿਆ ਦੀ ਮੰਗ ਕਰਦੇ ਹਨ, ਪਰ ਇਸ ਚਿੱਠੀ ਵਿਚ ਮੈਂ ਇਹਨਾਂ ਨੂੰ ਬੜੇ ਸੰਖੇਪ ਤਰੀਕੇ ਨਾਲ ਹੀ ਪੇਸ਼ ਕਰ ਰਿਹਾ ਹਾਂ ਤਾਂ ਜੋ ਇਸ ਵਿਸ਼ੇ ਤੇ ਹੋ ਰਹੀ ਬਹਿਸ ਵਿਚ ਕੁਝ ਸਿਧਾਂਤਕ ਅੰਸ਼ ਸ਼ਾਮਲ ਕੀਤੇ ਜਾ ਸਕਣ।

ਆਪਣੀ ਗੱਲ ਕਹਿਣ ਤੋਂ ਪਹਿਲਾਂ ਮੈਂ ਪੰਜਾਬ ਦੀ ਸਥਿਤੀ ਬਾਰੇ ਆਪਣਾ ਜਾਇਜ਼ਾ ਵੀ ਦਸ ਦੇਣਾ ਠੀਕ ਸਮਝਦਾ ਹਾਂ ਤਾਂ ਜੋ ਜਿਹੜੀ ਦਲੀਲ ਮੈਂ ਅਗੇ ਪੇਸ਼ ਕਰਾਂ, ਉਹਦਾ ਅਧਾਰ ਕੁਝ ਹੱਦ ਤੱਕ ਜ਼ਰੂਰ ਸਪਸ਼ਟ ਹੋਵੇ।

ਮੈਂ ਸੰਮਝਦਾ ਹਾਂ ਕਿ ਪੰਜਾਬ ਦਾ ਮਸਲਾ, ਜਿਸਨੂੰ ਪੰਜਾਬ ਦਾ ਸੰਤਾਪ ਵੀ ਕਹਿ ਲਈਏ ਤਾਂ ਗਲਤੀ ਨਹੀਂ ਹੋਵੇਗੀ, ਅਸਲ ਵਿਚ ਉਹਨਾਂ ਆਰਥਕ ਅਤੇ ਸਿਆਸੀ ਨੀਤੀਆਂ ਦੀ ਹੀ ਦੇਣ ਹੈ, ਜਿਨ੍ਹਾਂ ਉਤੇ ਪਿਛਲੇ ਸਾਲਾਂ ਤੋਂ ਹਾਕਮ ਜਮਾਤਾਂ ਚੱਲ ਰਹੀਆਂ ਹਨ ਅਤੇ ਜਿਨ੍ਹਾਂ ਬਾਰੇ ਮੁੱਖ ਜ਼ਿਮੇਵਾਰੀ ਕਾਂਗਰਸ ਪਾਰਟੀ ਅਤੇ ਉਸ ਪਾਰਟੀ ਵਲੋਂ ਚਲਾਈ ਜਾ ਰਹੀ ਕੇਂਦਰੀ ਸਰਕਾਰ ਉਤੇ ਆਂਦੀ ਹੈ। ਇਹਨਾਂ ਨੀਤੀਆਂ ਦੇ ਕਾਰਨ ਜੋ ਗੱਲਾਂ ਸਾਹਮਣੇ ਆਈਆਂ ਹਨ ਉਹ ਸਭ ਨੂੰ ਸਪਸ਼ਟ ਹਨ। ਪਹਿਲੀ ਗੱਲ ਹੈ ਕਿ ਪੂਰੀ ਸਿਖ ਕਮਿਊਨਿਟੀ ਅਤੇ ਮੁੱਖ ਤੌਰ ਤੇ ਉਹਦਾ ਨੌਜਵਾਨ ਵਰਗ ਪੂਰੀ ਤਰ੍ਹਾਂ ਭਾਰਤ ਸਰਕਾਰ ਤੋਂ ਬੇਗਾਨਗੀ ਮਹਿਸੂਸ ਕਰਦਾ ਹੈ। ਦੂਜੀ ਗੱਲ ਹੈ ਕਿ ਸਿਖ ਅਤੇ ਹਿੰਦੂ ਰਾਏਆਮਾ ਵਿਚ ਇਕ ਵੱਡੀ ਤਰੇੜ ਆ ਚੁੱਕੀ ਹੈ। ਜਿਸ ਸਰਕਾਰ ਤੋਂ ਸਿੱਖ ਕਮਿਉਨਿਟੀ ਬੇਗਾਨਗੀ ਮਹਿਸੂਸ ਕਰਦੀ ਹੈ, ਹਿੰਦੂ ਕਮਿਉਨਿਟੀ ਉਸੇ ਨੂੰ ਆਪਣੀ ਰਖਸ਼ਕ ਸਮਝਦੀ ਹੈ ਤੇ ਉਸ ਤੇ ਟੇਕ ਰੱਖਦੀ ਹੈ। ਤੀਸਰੀ ਗੱਲ ਜੋ ਸਾਹਮਣੇ ਆਈ ਹੈ ਉਹ ਇਹ ਹੈ ਕਿ ਸਥਾਪਤ ਬੁਰਜੂਆ ਪਾਰਟੀਆਂ ਆਪਣੀ ਸਾਖ਼ ਪੂਰੀ ਤਰ੍ਹਾਂ ਗਵਾ ਚੁੱਕੀਆਂ ਹਨ ਤੇ ਉਹ ਇਸ ਯੋਗ ਨਹੀਂ ਰਹੀਆਂ ਹਨ ਕਿ ਇਸ ਮਸਲੇ ਨੂੰ ਹੱਲ ਕਰਨ ਲਈ ਕੋਈ ਵੀ ਲਾਹੇਵੰਦ ਭੂਮਿਕਾ ਨਿਭਾ ਸਕਣ। ਇਹਨਾਂ ਸਪੱਸ਼ਟ ਸਚਾਈਆਂ ਦੇ ਪ੍ਰਸੰਗ ਵਿਚ ਹੀ ਪੰਜਾਬ ਵਿਚ ਦਹਿਸ਼ਤ-ਗਰਦੀ ਵਰਤਾਰੇ ਨੂੰ ਸਮਝਣ ਦੀ ਲੋੜ ਹੈ, ਜਿਸਦਾ ਆਪਣਾ ਹੀ ਇਕ ਤਰੱਕ ਬਣ ਚੁਕਿਆ ਹੈ। ਭਾਵੇਂ ਇਹ ਠੀਕ ਹੈ ਕਿ ਜਿਹੜੇ ਮਸਲੇ ਕਿਸੇ ਸਿਸਟਮ ਦੀ ਦੇਣ ਹੋਣ ਉਹ ਸਿਸਟਮ ਨੂੰ ਬਦਲੇ ਬਗੈਰ ਪੂਰੀ ਤਰ੍ਹਾਂ ਹੱਲ ਨਹੀਂ ਹੋ ਸਕਦੇ ਪਰ ਇਹ ਸਭ ਕੁਝ ਚੁੱਪ ਚੁਪੀਤੇ ਵੀ ਨਹੀਂ ਦੇਖਿਆ ਜਾ ਸਕਦਾ ਅਤੇ ਸਿਸਟਮ ਦੀਆਂ ਸੀਮਾਵਾਂ ਦੇ ਅੰਦਰ ਅੰਦਰ ਸਾਡੀ ਇਸ ਮੱਸਲੇ ਵਿਚ ਦਖਲ ਅੰਦਾਜ਼ੀ

ਜ਼ਰੂਰੀ ਹੈ। ਇਹ ਦਖਲ ਅੰਦਾਜ਼ੀ ਕਿਸ ਆਧਾਰ ਤੇ ਹੋਵੇ, ਇਸ ਬਾਰੇ ਵਿਚਾਰ ਕਰਨੀ ਜ਼ਰੂਰੀ ਹੈ।

ਮੈਂ ਆਪਣੀ ਗੱਲ ਪਹਿਲਾਂ ਹੀ ਇਹ ਕਹਿਕੇ ਸ਼ੁਰੂ ਕਰਨਾ ਹਾਂ ਕਿ ਮੈਂ ਸਮਤਾ ਵਲੋਂ ਅਪਣਾਈ ਇਸ ਪੁਜ਼ੀਸ਼ਨ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ਕਿ ਸਿੱਖ ਸੰਗਠਨਾਂ ਵਲੋਂ ਚਲਾਇਆ ਜਾ ਰਿਹਾ ਸੰਘਰਸ਼ ਤੱਤ ਰੂਪ ਵਿਚ ਪਿਛਾਂ ਖਿਚੂ, ਫਿਰਕੂ ਦੁਫੇੜ ਵਾਲਾ, ਕਮਿਊਨਿਸਟ ਵਿਰੋਧੀ ਅਤੇ ਫਾਸ਼ੀਵਾਦ ਦੇ ਅੰਸ਼ ਰੱਖਣ ਵਾਲਾ ਹੈ ਅਤੇ ਇਹਦੀ ਵਿਰੋਧਤਾ ਕਰਨੀ ਸਾਡਾ ਫਰਜ਼ ਹੈ ਅਤੇ ਅਸੀਂ ਇਸ ਦੇ ਬਾਰੇ ਕੋਈ ਵੀ ਸਮਝੌਤੇ ਵਾਲੀ ਪੁਜ਼ੀਸ਼ਨ ਨਹੀਂ ਲੈ ਸਕਦੇ। ਵੱਡਾ ਸਵਾਲ ਸਾਡੇ ਸਾਹਮਣੇ ਹੈ, ਉਹ ਇਹ ਹੈ ਕਿ ਇਹ ਵਿਰੋਧਤਾ ਕਿਸ ਪੈਂਤੜੇ ਤੋਂ ਕੀਤੀ ਜਾਏ ਅਤੇ ਇਹ ਵੀ ਕਦੀ ਨਾਂ ਭੁਲਿਆ ਜਾਏ ਕਿ ਇਹ ਸਿੱਖ ਦਹਿਸ਼ਤਗਰਦੀ ਦਾ ਮਸਲਾ ਐਵੇਂ ਹਵਾ ਵਿਚੋਂ ਨਹੀਂ ਖੜ੍ਹਾ ਹੋਇਆ, ਦੇਸ਼ ਵਿਚ ਵਾਪਰ ਰਹੇ ਸਿਆਸੀ ਵਰਤਾਰੇ ਅਤੇ ਨਾਲ ਹੀ ਇਤਿਹਾਸਕ ਅਤੇ ਸਭਿਆਚਾਰਕ ਕਾਰਨ ਹਨ, ਜਿਨ੍ਹਾਂ ਕਰਕੇ ਇਹ ਹੋਂਦ ਵਿਚ ਆਇਆ ਹੈ। ਸਿੱਖ ਸੰਗਠਨਾਂ ਵਲੋਂ ਚਲਾਏ ਜਾ ਰਹੇ ਅੰਦੋਲਨ ਅਤੇ ਇਹਨਾਂ ਅੰਦੋਲਨਾਂ ਤੋਂ ਉਪਜੇ ਦਹਿਸ਼ਤਗਰਦੀ ਨਾਲ ਨਿਪਟਨ ਲਈ ਜੋ ਵੱਖ ਵੱਖ ਰਾਹ ਅਪਣਾਏ ਜਾ ਰਹੇ ਹਨ ਉਹ ਵੱਖ ਵੱਖ ਸੋਚਾਂ ਦੀ ਹੀ ਉਪਜ ਹਨ ਜਿਨ੍ਹਾਂ ਨੂੰ ਸਮੁੱਚੇ ਭਾਰਤ ਦੇ ਪ੍ਰਸੰਗ ਵਿਚ ਵਾਚਿਆ ਜਾਣਾ ਚਾਹੀਦਾ ਹੈ।

ਪਹਿਲੀ ਲਾਈਨ ਉਹ ਲਾਈਨ ਹੈ, ਜਿਸਨੂੰ ਰੀਬੈਰੋ, ਗਿਰੀ ਲਾਲ ਜੈਨ ਜਾਂ ਬਿਪਨ ਚੰਦਰ ਲਾਈਨ ਕਹੀ ਜਾਂ ਸਕਦੀ ਹੈ ਜੋ ਸਿੱਖ ਅਤਿਵਾਦ ਦੇ ਵਿਰੁੱਧ ਕਾਰਵਾਈ ਨੂੰ ਇਕ ਐਸੀ ਜੰਗ ਦੀ ਸ਼ਕਲ ਵਿਚ ਵੇਖ ਰਹੇ ਹਨ ਜੋ ਦੁਸ਼ਮਨ ਨੂੰ ਪੂਰੀ ਤਰ੍ਹਾਂ ਖਤਮ ਕਰਕੇ ਹੀ ਜਿੱਤੀ ਜਾ ਸਕਦੀ ਹੈ। ਇਹੋ ਜਿਹੀ ਜੰਗ ਦੀ ਵਕਾਲਤ ਕਰਨ ਵਾਲੀ ਲਿਸਟ ਵਿਚ ਸੱਜੇ ਅਤੇ ਖੱਬੀ ਵਿਚਾਰਧਾਰਾ ਦੇ ਹੋਰ ਬੁੱਧੀਜੀਵੀ ਵੀ ਸ਼ਾਮਲ ਕੀਤੇ ਜਾ ਸਕਦੇ ਹਨ। ਇਹਨਾਂ ਬੁੱਧੀਜੀਵਾਂ ਦੀ ਸੋਚ ਦੀ ਦਲੀਲ ਭਾਵੇਂ ਵੱਖ ਵੱਖ ਦ੍ਰਿਸ਼ਟੀ ਤੋਂ ਹੈ- ਰਾਸ਼ਟਰਵਾਦ, ਧਰਮ ਨਿਰਪੇਖਤਾ ਮਾਰਕਸਵਾਦ, ਫੇਰ ਵੀ ਇਹ ਰੋਗ ਦੇ ਲਈ ਇੱਕੋ ਨੁਸਖੇ ਤੇ ਕਿਉਂ ਪਹੁੰਚੇ ਹਨ, ਇਹ ਉੱਤੋਂ ਅਜੀਬ ਗੱਲ ਲਗਦੀ ਹੈ, ਪਰ ਥੋੜ੍ਹਾ ਡੂੰਘਿਆਂ ਸੋਚਿਆਂ ਇਹ ਅਜੀਬ ਨਹੀਂ ਲੱਗੇਗਾ। ਸਮਤਾ ਵਿਚ ਲਿਖਣ ਵਾਲੇ ਇਕ ਦੋਸਤ ਨੇ ਬਿਪਨ ਚੰਦਰ ਨੂੰ ਇਕ ਮਾਰਕਸਵਾਦੀ ਚਿੰਤਕ ਦੇ ਤੌਰ ਤੇ ਲਿਆ ਹੈ। ਪਰ ਮੈਂ ਅਰਜ਼ ਕਰ ਦੇਵਾਂ ਕਿ ਬਿਪਨ ਚੰਦਰ ਦਾ ਸਟੈਂਡ ਇਕ ਖੱਬੀ ਸੋਚ ਵਾਲੇ ਰਾਸ਼ਟਰਵਾਦੀ ਦੇ ਤੌਰ ਤੇ ਲਿਆ ਜਾਏ ਨਾਂ ਕਿ ਇਕ ਮਾਰਕਸਵਾਦੀ ਦੇ ਤੌਰ ਤੇ ਜਾਂ ਇਹ ਕਹਿ ਲਵੋ ਕਿ ਐਸਾ ਰਾਸ਼ਟਰਵਾਦੀ ਜੋ ਮਾਰਕਸਵਾਦੀ ਤਰਕ ਵਿਧੀ ਨਾਲ ਮੋਹ ਦਾ ਵਿਖਾਵਾ ਕਰਦਾ ਹੈ, ਪਰ ਉਸ ਨੂੰ ਅਪਣਾਉਂਦਾ ਨਹੀਂ। ਕਿਸੇ ਮੱਸਲੇ ਦੀ ਆਰਥਕ ਪੱਖ ਤੋਂ ਵਿਆਖਿਆ ਕਰ ਦੇਈਏ ਜਾਂ ਸਾਮਰਾਜ ਦੇ ਵਿਰੋਧ ਦੀ ਪੁਜ਼ੀਸ਼ਨ ਤੋਂ ਵਿਸ਼ਲੇਸ਼ਣ ਕਰ ਦੇਈਏ ਜਾਂ ਮਾਰਕਸ ਜਾਂ ਲੈਨਿਨ ਦੀ ਕਿਸੇ ਲਿਖਤ ਦਾ ਹਵਾਲਾ ਦੇ ਦੇਈਏ ਤਾਂ ਉਹ ਦਲੀਲ ਮਾਰਕਸਵਾਦੀ ਨਹੀਂ ਬਣ ਜਾਂਦੀ। ਇਸ ਗੱਲ ਦਾ ਖਤਰਾ ਮੁੱਲ ਲੈਂਦੇ ਹੋਏ ਵੀ ਕਿ ਮੈਨੂੰ 'ਜਮਾਤਵਾਦ' ਦਾ ਅੰਨ੍ਹਾਂ ਸ਼ਰਧਾਲੂ ਵੀ ਕਿਹਾ ਜਾਏ ਤਾਂ ਵੀ ਮੈਂ ਇਹੀ ਆਖਾਂਗਾ ਕਿ 'ਜਮਾਤ' ਹੀ ਮਾਰਕਸਵਾਦ ਦਾ ਆਧਾਰ ਹੋ ਸਕਦਾ ਹੈ। 'ਕੌਮ' ਜਾਂ 'ਦੇਸ਼' ਦੀ ਇਕਾਈ ਜਾਂ ਦੇਸ਼ ਭਗਤੀ ਮਾਰਕਸਵਾਦ ਦਾ ਆਧਾਰ ਨਹੀਂ ਹੋ ਸਕਦਾ। ਅਤਿਵਾਦ ਨੂੰ ਖਤਮ ਕਰਨ ਦੀ ਇਹ ਉਤੇ ਦਸੀ ਕਥਿਤ ਰਾਸ਼ਟਰਵਾਦੀ ਪਹੁੰਚ ਵਕਤੀ ਤੌਰ ਤੇ ਸਫਲ ਵੀ ਹੋਵੇ ਉਹ ਸਮੁੱਚੇ ਭਾਰਤ ਦੇ ਲੋਕਾਂ ਲਈ ਖਤਰਨਾਕ ਨਤੀਜੇ ਕਢ ਸਕਦੀ ਹੈ, ਇਹਦੇ ਬਾਰੇ ਕਿਸੇ ਨੂੰ ਵੀ ਤੇ ਖ਼ਾਸ ਕਰਕੇ ਇਕ ਮਾਰਕਸਵਾਦੀ ਨੂੰ ਕੋਈ ਸ਼ਕ ਨਹੀਂ ਹੋ ਸਕਦਾ।

ਦੂਜੀ ਲਾਈਨ ਉਹ ਕਹੀ ਜਾ ਸਕਦੀ ਹੈ, ਜੋ ਸੀ. ਪੀ. ਆਈ. ਅਤੇ ਸੀ. ਪੀ. ਐਮ ਨੇ ਅਪਣਾਈ ਹੈ, ਜਿਸ ਵਿਚ ਰਾਸ਼ਟਰਵਾਦ ਤੋਂ ਲੈ ਕੇ ਸਾਮਰਾਜੀ ਚਾਲਾਂ ਤਕਦੀਆਂ ਕਈ ਦਲੀਲਾਂ ਦਾ ਆਧਾਰ ਲਿਆ ਗਿਆ ਹੈ ਤੇ ਜਿਸਦੀ ਸਫਲਤਾ ਦੀ ਇਕ ਕਸੌਟੀ ਰੀਬੈਰੋ ਵਲੋਂ ਦਿਤਾ ਸਰਟੀਫੀਕੇਟ ਕਿ ਕਮਿਊਨਿਸਟ ਹੀ ਇਕ ਐਸੀ ਧਿਰ ਹਨ, ਜੋ ਸਹੀ ਸ਼ਬਦਾਂ ਵਿਚ ਅਤਿਵਾਦ ਦੇ ਵਿਰੁਧ ਜੰਗ ਲੜਨ ਦੇ ਯੋਗ ਹਨ, ਵੀ ਸ਼ਾਮਲ ਹੈ। ਉਹ ਸਿੱਖ ਅਤਿਵਾਦ ਦੇ ਵਿਰੁੱਧ ਸੰਘਰਸ਼ ਨੂੰ ਬੁਨਿਆਦੀ ਤੌਰ ਤੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਰਾਖੀ ਕਰਨ ਦੇ ਰੂਪ ਵਿਚ ਲੈਂਦੇ ਹਨ, ਐਸੀ ਏਕਤਾ ਅਤੇ ਅਖੰਡਤਾ ਜਿਸਨੂੰ ਅਮਰੀਕੀ ਸਾਮਰਾਜੀ ਤਬਾਹ ਕਰਕੇ ਦੇਸ਼ ਨੂੰ ਅਸਥਿਰ ਕਰਨਾ ਚਾਹੁੰਦੇ ਹਨ। ਸਾਡਾ ਸਿਰ ਝੁਕਦਾ ਹੈ ਕਮਿਊਨਿਸਟ ਕੇਡਰ ਦੇ ਹੌਸਲੇ ਅਤੇ ਦ੍ਰਿੜਤਾ ਅੱਗੇ ਕਿ ਉਹ ਇਸ ਲਾਈਨ ਉਤੇ ਜਿੰਦਗੀਆਂ ਦੀਆਂ ਅਹੁਤੀਆਂ ਦੇਕੇ ਵੀ ਤੁਰ ਰਹੇ ਹਨ। ਐਸੀ ਲਾਈਨ ਜੋ ਹਾਕਮ ਜਮਾਤ ਦੀ ਰਾਜਨੀਤੀ ਨੂੰ ਫਿਟ ਬੈਠਦੀ ਹੈ ਅਤੇ ਕਮਿਊਨਿਸਟਾਂ ਦੀ ਵੱਖਰੀ ਪਹਿਚਾਣ ਨੂੰ ਧੁੰਦਲਾ ਕਰਦੀ ਹੈ। ਇਹ ਹੈਰਾਨਗੀ ਦੀ ਗਲ ਨਹੀਂ ਕਿ ਇਸ ਸਿਧਾਂਤਕ ਪੁਜ਼ੀਸ਼ਨ ਤੋਂ ਇਹ ਅਮਲ ਨਿਕਲ ਆਂਦਾ ਹੈ ਕਿ ਕਮਿਊਨਿਸਟ ਪਾਰਟੀਆਂ ਨੂੰ ਫਿਰਕਾਪ੍ਰਸਤੀ ਵਿਰੁੱਧ ਸੰਘਰਸ਼ ਕਰਨ ਲਈ ਕਾਂਗਰਸ, ਅਕਾਲੀ ਦਲ ਅਤੇ ਭਾਰਤੀ ਜੰਤਾ ਪਾਰਟੀ ਨਾਲ ਸਾਂਝੇ ਪਲੇਟਫਾਰਮ ਉਤੇ ਜਾਣ ਤੋਂ ਵੀ ਕੋਈ ਸੰਕੋਚ ਨਹੀਂ ਹੁੰਦਾ, ਉਹ ਪਾਰਟੀਆਂ

ਜੋ ਅਪਣੇ ਆਪ ਵਿਚ ਫਿਰਕਾ ਪ੍ਰਸਤੀ ਪੈਦਾ ਕਰਨ ਦੀਆਂ ਜ਼ਿਮੇਵਾਰ ਹਨ। ਅਜ ਦੇ ਦੌਰ ਦਾ ਇਹ ਸਾਰਿਆਂ ਨਾਲ ਵਡਾ ਇਕ ਸਿਆਸੀ ਲਤੀਫ਼ਾ ਹੈ ਕਿ ਕਮਿਊਨਿਸਟ ਪਾਰਟੀਆਂ ਇਹਨਾਂ ਪਾਰਟੀਆਂ ਨਾਲ ਰਲਕੇ ਪੰਜਾਬ ਦੇ ਲੋਕਾਂ ਨੂੰ ਧਰਮ ਨਿਰਪੇਖਤਾ ਦਾ ਸੁਨਿਹਾ ਦੇ ਰਹੀਆਂ ਹਨ । ਕਮਿਊਨਿਸਟ ਪਾਰਟੀਆ ਨੇ ਵੀ ਜੋ ਉਸੇ ਰਾਸ਼ਟਰਵਾਦ ਦਾ ਸੁਨਿਹਾ ਦੇਣਾ ਹੈ, ਜੋ ਹਾਕਮ ਜਮਾਤਾਂ ਦੀਆਂ ਪਾਰਟੀਆਂ ਨੇ ਦੇਣਾ ਹੈ ਤੇ ਰਾਸ਼ਟਰਵਾਦ ਵੀ ਉਹ ਜੋ ਕਾਫੀ ਹੱਦ ਤਕ ਹਿੰਦੂ ਸਾਵਨਵਾਦ ਦਾ ਰੂਪ ਧਾਰ ਰਿਹਾ ਹੈ ਤਾਂ ਫੇਰ ਉਹਨਾ ਦੀ ਅਤੇ ਹਾਕਮ ਜਮਾਤਾਂ ਦੀਆਂ ਪਾਰਟੀਆਂ ਦੀ ਸਿਆਸਤ ਦਾ ਫਰਕ ਕੀ ਰਹਿ ਗਿਆ ? ਕਮਿਊਨਿਸਟਾਂ ਨੂੰ ਇਹਦੇ ਬਾਰੇ ਸੰਜੀਦਗੀ ਨਾਲ ਸੋਚਣਾ ਚਾਹੀਦਾ ਹੈ । ਉਹ ਨੀਤੀਆਂ ਕਿਉਂ ਅਪਣਾਈਆਂ ਜਾਣ ਜਾਂ ਉਹਨਾਂ ਲਈ ਕਿਉਂ ਕੁਰਬਾਨੀਆਂ ਦਿਤੀਆਂ ਜਾਣ ਜਿਨ੍ਹਾਂ ਨੇ ਅੰਤ ਵਿਚ ਫਾਇਦਾ ਜਾਕੇ ਹਾਕਮ ਜਮਾਤ ਦੀ ਸਿਆਸਤ ਦਾ ਹੀ ਕਰਨਾ ਹੈ । ਬਗੈਰ ਸ਼ਰਤ ਤੋਂ ਦੇਸ਼ ਦੀ ਏਕਤਾ ਜਾਂ ਅਖੰਡਤਾ ਨੂੰ ਆਧਾਰ ਬਣਾ ਕੇ ਕੋਈ ਅਮਲ ਕੀਤਾ ਜਾਏਗਾ ਤਾਂ ਇਸ ਤੋਂ ਸਿਵਾ ਨਤੀਜਾ ਕੋਈ ਹੋਰ ਨਿਕਲ ਵੀ ਨਹੀਂ ਸਕਦਾ ।

ਅਤਿਵਾਦ ਦੇ ਵਿਰੋਧ ਅਪਣਾਇਆ ਜਾਣ ਵਾਲਾ ਤੀਜਾ ਰਾਹ ਅਤੇ ਜੋ ਸਹੀ ਰਾਹ ਹੋਵੇਗਾ ਉਹ ਉਹੋ ਹੀ ਰਾਹ ਹੋਵੇਗਾ ਜਦੋਂ ਇਸ ਸੰਘਰਸ਼ ਨੂੰ ਸਮੁੱਚੇ ਭਾਰਤ ਵਿਚ ਚਲਾਏ ਜਾਣ ਵਾਲੇ ਉਸ ਸੰਘਰਸ਼ ਦਾ ਹਿੱਸਾ ਬਣਾਇਆ ਜਾਏ ਜੋ ਕਿ ਹਾਕਮ ਜਮਾਤ ਦੀਆਂ ਕੁਲ ਨੀਤੀਆਂ ਦੇ ਵਿਰੁਧ ਚਲਾਉਣਾ ਬਣਦਾ ਹੈ । ਸਾਮਰਾਜ ਵਿਰੋਧੀ ਸੰਘਰਸ਼ ਵੀ ਇਸੇ ਸੰਘਰਸ਼ ਦਾ ਭਾਗ ਬਣਾਇਆ ਜਾਏ ਨਾਂ ਕਿ ਇਸ ਸੰਘਰਸ਼ ਨੂੰ ਸਾਮਰਾਜ ਵਿਰੋਧੀ ਸੰਘਰਸ਼ ਦੇ ਅਧੀਨ ਕੀਤਾ ਜਾਏ । ਅਸੀਂ ਇਹ ਕਿਉਂ ਭੁਲੀਏ ਕਿ ਸਾਮਰਾਜੀ ਤਾਕਤਾਂ ਕਿਸੇ ਦੇਸ਼ ਵਿਚ ਦਖਲ ਅੰਦਾਜ਼ੀ ਕਰਨ ਦੇ ਤਾਂ ਹੀ ਯੋਗ ਹੁੰਦੀਆਂ ਹਨ ਜੇ ਹਾਕਮ ਜਮਾਤਾਂ ਦੀਆਂ ਨੀਤੀਆਂ ਉਹਨਾਂ ਨੂੰ ਇਸ ਯੋਗ ਬਣਾਦੀਆਂ ਹਨ । ਉਹ ਉਹਨਾਂ ਨੂੰ ਇਸ ਅਮਲ ਲਈ ਮੌਕਾ ਪ੍ਰਦਾਨ ਕਰਦੀਆਂ ਹਨ । ਅਸੀਂ ਜੇ ਦੇਸ਼ ਦੀ ਏਕਤਾ ਅਤੇ ਅਖੰਡਤਾ ਦੀ ਗਲ ਕਰੀਏ ਵੀ ਤਾਂ ਉਹ ਕਥਿਤ ਦੇਸ਼ ਭਗਤੀ ਦੇ ਪੈਂਤੜੇ ਤੋਂ ਨਾ ਕਰੀਏ ਸਗੋਂ ਇਨਕਲਾਬੀ ਸਿਆਸਤ ਦੇ ਪੈਂਤੜੇ ਤੋਂ ਕਰੀਏ ਜਿਸ ਨੂੰ ਇਸ ਏਕਤਾ ਦੀ ਉਸ ਸੰਘਰਸ਼ ਨੂੰ ਮਜ਼ਬੂਤ ਬਣਾਉਣ ਵਿਚ ਲੋੜ ਹੈ ਜੋ ਅਸੀ ਹਾਕਮ ਜਮਾਤਾਂ ਦੀ ਨੀਤੀਆਂ ਦੇ ਵਿਰੁਧ ਚਲਾਂਦੇ ਹਾਂ। ਹਾਕਮ ਜਮਾਤਾਂ ਇਹ ਕਹਿੰਦੀਆਂ ਹਨ ਕਿ ਉਹਨਾਂ ਦੀਆਂ ਨੀਤੀਆਂ ਇਕ ਮਜਬੂਤ ਕੌਮ ਬਨਾਉਣ ਲਈ ਗਤੀ ਸ਼ੀਲ ਹਨ ਜਦ ਕਿ ਅਸਲੀਅਤ ਇਹ ਹੈ ਕਿ ਇਹਨਾਂ ਨੀਤੀਆਂ ਕਰਕੇ ਕੌਮ ਦੇ ਖੇਰੂੰ ਖੇਰੂੰ ਹੋਣ ਦਾ ਅਮਲ ਸ਼ੁਰੂ ਹੋਇਆ ਹੈ। ਕੌਮ ਨੂੰ ਖੇਰੂੰ ਖੇਰੂੰ ਕਰਨ ਦੀ ਪੂਰੀ ਜ਼ਿਮੇਵਾਰੀ ਉਹਨਾਂ ਉਤੇ ਹੈ ਜੋ ਇਸਦੀ ਏਕਤਾ ਦਾ ਸਭ ਤੋਂ ਵੱਧ ਢੰਡੋਰਾ ਪਿੱਟਦੇ ਹਨ।

ਉਤੇ ਬਿਆਨਿਆ ਇਹ ਤੀਸਰਾ ਰਾਹ ਹੀ ਹੈ ਜੋ ਸਾਨੂੰ ਇਨਕਲਾਬੀ ਸਿਆਸਤ ਨੂੰ ਅਗੇ ਲਿਜਾਣ ਵਾਸਤੇ ਅਪਣਾਉਣਾ ਚਾਹੀਦਾ ਹੈ । ਸਾਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਸਿਖ ਅਤਿਵਾਦ ਜਿਸਦੇ ਖਤਰੇ ਦਾ ਢੰਡੋਰਾ ਹਾਕਮ ਜਮਾਤਾਂ ਦੀਆਂ ਪਾਰਟੀਆਂ ਕੋਠੇ ਚੜ੍ਹਕੇ ਪੈਂਦੀਆਂ ਹਨ, ਉਹ ਉਹਨਾਂ ਲਈ ਕੋਈ ਅਸਲੀ ਖਤਰਾ ਨਹੀਂ ਹੈ ਉਹ ਇਹਨਾਂ ਦੀਆਂ ਨੀਤੀਆਂ ਦੀ ਹੀ ਪੈਦਾਇਸ਼ ਹੈ, ਇਸ ਲਈ ਉਹ ਇਹਨੂੰ ਖਤਮ ਕਰਨ ਦਾ ਰੌਲਾ ਜ਼ਰੂਰ ਪਾਂਦੇ ਹਨ ਪਰ ਇਹਨੂੰ ਸਹੀ ਅਰਥਾਂ ਵਿਚ ਖਤਮ ਕਰਨ ਲਈ ਕੋਈ ਫਿਕਰਮੰਦ ਨਹੀਂ। ਉਹਨਾਂ ਨੂੰ ਪਤਾ ਹੈ ਕਿ ਅਤਿਵਾਦ ਦੀ ਹੋਂਦ ਲੋਕਾਂ ਦੀ ਮੁਕਤੀ ਦੇ ਸੰਘਰਸ਼ਾਂ ਨੂੰ ਗਧੀ ਗੇੜ ਵਿਚ ਪਾਉਣ ਅਤੇ ਉਹਨਾਂ ਨੂੰ ਧੁੰਦਲਾਉਣ ਲਈ ਸਹਾਈ ਸਾਬਤ ਹੋ ਰਹੀ ਹੈ । ਸਮੇਂ ਤਾ ਵਿਚ ਇਹਦਾ ਜ਼ਿਕਰ ਵੀ ਬਹੁਤ ਵਾਰ ਆ ਚੁਕਿਆ ਹੈ ।

ਅਪਣੀ ਜਮਾਤ ਦੇ ਹਿੱਤ 'ਚ ਅਤਿਵਾਦ ਦੇ ਸੰਘਰਸ਼ ਨੂੰ ਸਹੀ ਲੀਹਾਂ ਤੇ ਲਿਆਉਣਾ ਸਾਡੀ ਲੋੜ ਹੈ। ਇਹ ਇਕ ਮੁਸ਼ਕਲ ਕਾਰਜ ਹੈ ਕਿਉਂਕਿ ਬਹੁਕੌਮੀ ਭਾਰਤੀ ਸਮਾਜ ਜੋ ਅਗੋਂ ਵੱਖ ਵੱਖ ਧਰਮਾਂ ਤੇ ਜਾਤਾਂ ਵਿਚ ਵੰਡਿਆ ਹੋਇਆ ਕਾਫੀ ਗੁੰਝਲਦਾਰ ਸਮਾਜ ਹੈ ਅਤੇ ਅਪਣੇ ਵਿਚ ਕਈ ਵਿਰੋਧਤਾਈਆਂ ਸਮੇਟੀ ਬੈਠਾ ਹੈ, ਪਰ ਸਾਨੂੰ ਇਹ ਕਾਰਜ ਹੱਥ ਵਿਚ ਲੈਣਾ ਪੈਣਾ ਹੈ । ਅਸੀ ਅਤਿਵਾਦ ਦਾ ਹਰ ਹਾਲਤ ਵਿਚ ਮੁਕਾਬਲਾ ਕਰਨਾ ਹੈ, ਪਰ ਅਪਣੀ ਦ੍ਰਿਸ਼ਟੀ ਨਾਲ ਕਰਨਾ ਹੈ, ਹਾਕਮ ਜਮਾਤਾਂ ਦੀ ਦ੍ਰਿਸ਼ਟੀ ਨਾਲ ਨਹੀਂ ਕਰਨਾ । ਇਸ ਕਾਰਜ ਦੇ ਲਈ ਦਾਓ ਪੇਚ ਇਸ ਤਰ੍ਹਾਂ ਮਿਥੇ ਜਾਣ ਕਿ ਸਾਨੂੰ ਵੱਧ ਤੋਂ ਵੱਧ ਲੋਕਾਂ ਦਾ ਸਹਿਯੋਗ ਮਿਲੇ ਤੇ ਇਨਕਲਾਬੀ ਸਿਆਸਤ ਅਗੇ ਵਧੇ, ਬਹਿਸ ਇਸ ਦਿਸ਼ਾ ਵਿਚ ਅਗੇ ਚਲਣੀ ਚਾਹੀਦੀ ਹੈ ।

ਰਣਧੀਰ ਸਿੰਘ

ਨੋਟ: ਇਹ ਚਿਠੀ ਪ੍ਰੋ. ਰਨਧੀਰ ਸਿੰਘ ਹੋਰਾਂ ਨੇ ਅੰਗਰੇਜ਼ੀ ਵਿਚ ਭੇਜੀ ਸੀ । ਮੈਂ ਇਸਦਾ ਪੰਜਾਬੀ ਅਨੁਵਾਦ, ਸਮੇਂ ਦੀ ਘਾਟ ਕਰਕੇ ਉਹਨਾਂ ਨੂੰ ਦਿਖਾ ਨਹੀਂ ਸਕਿਆ । ਉਹਨਾਂ ਦੇ ਵਿਚਾਰਾਂ ਨੂੰ ਪਰਗਟਾਉਣ ਵਿਚ ਜੇਕਰ ਕੋਈ ਗਲਤੀ ਰਹਿ ਗਈ ਹੋਵੇ ਤਾਂ, ਉਹ ਉਸਨੂੰ ਅਗਲੇ ਅੰਕ ਵਿਚ ਸਹੀ ਕਰ ਸਕਣਗੇ । ਗੁ. ਸ.

## 25 ਜੁਲਾਈ—ਸ਼ਹੀਦਾਂ ਦੀ ਯਾਦ ਵਿਚ ਢੁਡੀਕੇ ਦਾ ਲਾਲ ਸਮਾਗਮ

9 ਨਵੰਬਰ ਇਨਕਲਾਬੀ ਕੇਂਦਰ ਜਦੋਂ ਸੰਥਾਪਤ ਕੀਤਾ ਗਿਆ ਸੀ ਤਾਂ ਉਹਦਾ ਇਕ ਕੰਮ ਇਹ ਮਿਥਿਆ ਗਿਆ ਸੀ ਕਿ ਇਨਕਲਾਬੀ ਸਿਆਸਤ ਨੂੰ ਵਿਸ਼ਾਲ ਪੱਧਰ 'ਤੇ ਲੋਕਾਂ ਤੱਕ ਪੁਚਾਇਆ ਜਾਵੇ। 25 ਜੁਲਾਈ ਢੁਡੀਕੇ ਵਿਚ ਸ਼ਹੀਦ ਸਾਥੀਆਂ ਅਵਤਾਰ ਸਿੰਘ ਢੁਡੀਕੇ, ਪ੍ਰਿਥੀਪਾਲ ਸਿੰਘ ਰੰਧਾਵਾ ਅਤੇ ਲਾਲ ਇੰਦਰ ਕੁਮਾਰ ਲਾਲੀ ਦੀ ਯਾਦ ਵਿਚ ਹੋਇਆ ਸਮਾਗਮ ਇਸੇ ਕੰਮ ਦੀ ਪੂਰਤਾ ਦੀ ਇਕ ਮਿਸਾਲ ਸੀ। ਅਜੀਤਵਾਲ ਤੋਂ ਲੈਕੇ ਢੁਡੀਕੇ ਦਾ ਸਾਰਾ ਰਾਹ, ਢੁਡੀਕੇ ਦਾ ਅੱਡਾ, ਬਾਜ਼ਾਰ ਅਤੇ ਗਲੀਆਂ ਅਣ-ਗਿਣਤ ਲਾਲ ਝੰਡਿਆਂ ਨਾਲ ਸਜਾਈਆਂ ਹੋਈਆਂ ਸਨ, ਅਜਿਤਵਾਲ ਵਿਚ ਜਿਥੇ ਢੁਡੀਕੇ ਦੀ ਸੜਕ ਸ਼ੁਰੂ ਹੁੰਦੀ ਹੈ। ਲਹਿਰਾਂਦੇ ਲਾਲ ਝੰਡਿਆਂ ਨਾਲ ਸਜਾਇਆ ਇਕ ਵੱਡਾ ਸਵਾਗਤੀ ਗੇਟ ਸੀ, ਜੋ ਸ਼ਹੀਦਾਂ ਨੂੰ ਸਮਰਪਿਤ ਸੀ ਅਤੇ ਜਿਸ ਵਿਚ ਸਾਥੀ ਬਲਦੇਵ ਸਿੰਘ ਮਾਨੋ ਦਾ ਨਾਂ ਮੁੱਖ ਤੌਰ 'ਤੇ ਸ਼ਾਮਿਲ ਸੀ। ਸਮਾਗਮ ਸਰਕਾਰੀ ਸਕੂਲ ਦੀ ਵਿਸ਼ਾਲ ਗਰਾਊਂਡ ਵਿਚ ਕੀਤਾ ਗਿਆ, ਜਿਥੇ ਇਕ ਵੱਡਾ ਪੰਡਾਲ ਹੱਥ ਲਿਖਤਾਂ ਵਿਚ ਮਾਟੋਆਂ ਅਤੇ ਨਾਅਰਿਆਂ ਨਾਲ ਸਜਾਇਆ ਹੋਇਆ ਸੀ, ਜੋ ਸਹੀ ਅਰਥਾਂ 'ਚ ਇਨਕਲਾਬੀ ਸਿਆਸਤ ਨਾਲ ਪ੍ਰਣਾਏ ਇਕ ਪ੍ਰਭਾਵਸ਼ਾਲੀ ਪੰਡਾਲ ਦੀ ਦਿਖ ਦੇ ਰਿਹਾ ਸੀ, ਦੂਰੋਂ ਦੂਰੋਂ ਆਏ ਸਾਥੀ ਲਾਲ ਝੰਡੇ ਚੁੱਕੀ ਆਕਾਸ਼ ਗੂੰਜਾਊ ਨਾਅਰੇ ਲਗਾਂਦੇ ਹੋਏ ਅਜਿਤਵਾਲ ਤੋਂ ਢੁਡੀਕੇ ਤੱਕ ਦਾ ਫਾਸਲਾ ਕਾਫਲੇ ਦੀ ਸ਼ਕਲ ਵਿਚ ਪੰਡਾਲ ਵਿਚ ਦਾਖਲ ਹੋਏ। ਨਾਅਰਿਆਂ ਵਿਚ ਜਿਥੇ ਸ਼ਹੀਦ ਸਾਥੀਆਂ ਨੂੰ ਲਾਲ ਸਲਾਮ ਅਰਪਣ ਕੀਤਾ ਗਿਆ, ਉਥੇ ਉਹਨਾਂ ਦੇ ਅਧੂਰੇ ਕਾਰਜ ਨੂੰ ਨੇਪਰੇ ਚਾੜ੍ਹਣ ਲਈ ਦ੍ਰਿੜਤਾ ਜ਼ਾਹਰ ਕੀਤੀ ਗਈ। ਫਿਰਕੂ ਤਾਕਤਾਂ ਦੇ ਵਿਰੁਧ ਲੋਕ ਤਾਕਤਾਂ ਦੀ ਏਕਤਾ ਉਤੇ ਜ਼ੋਰ ਦਿੱਤਾ ਗਿਆ, ਇਨਕਲਾਬ ਜ਼ਿੰਦਾਬਾਦ, ਮਿਹਨਤੀ ਲੋਕਾਂ ਦਾ ਏਕਾ ਜ਼ਿੰਦਾਬਾਦ, ਇਨਕਲਾਬ ਜ਼ਿੰਦਾਬਾਦ, ਕੇਂਦਰ ਪੰਜਾਬ ਜ਼ਿੰਦਾਬਾਦ, ਜਬਰ ਅਤੇ ਫਿਰਕਾ ਪ੍ਰਸਤੀ ਵਿਰੋਧੀ ਫਰੰਟ ਜ਼ਿੰਦਾਬਾਦ ਦੇ ਨਾਅਰੇ ਬੜੇ ਜੋਸ਼ ਨਾਲ ਲਗਾਏ ਗਏ। ਸਮਾਗਮ 4 ਘੰਟੇ ਦੁਪਹਿਰ 12 ਵਜੇ ਤੋਂ 4 ਵਜੇ ਤੱਕ ਬੜੀ ਸਫਲਤਾ ਨਾਲ ਚਲਿਆ। ਲੋਕ ਸੰਗੀਤ ਮੰਡਲੀ ਭਦੌੜ, ਮੁਖਤਿਆਰ ਜ਼ਫਰ ਦੀ ਕਵੀਸ਼ਰੀ ਪਾਰਟੀ ਅਤੇ ਅੰਮ੍ਰਿਤਸਰ ਨਾਟਕ ਕਲਾ ਕੇਂਦਰ ਦੇ ਕਲਾਕਾਰਾਂ ਨੇ ਸਮੂਹ ਗੀਤ, ਕਵੀਸ਼ਰੀਆਂ ਅਤੇ ਐਕਸ਼ਨ ਗੀਤ ਪੇਸ਼ ਕੀਤੇ। ਸੀ. ਪੀ. ਆਈ (ਐਮ. ਐਲ) ਦੇ ਜਨਰਲ ਸਕੱਤਰ ਦਰਸ਼ਨ ਖੱਟਕੜ ਨੇ ਸਮਾਗਮ ਵਿਚ ਬੋਲਦਿਆਂ ਸਮੂਹ ਕਮਿਊਨਿਸਟ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ ਅਤੇ ਫਿਰਕੂ ਦਹਿਸ਼ਤਗਰਦਾਂ ਨੂੰ ਇਹ ਚਣੌਤੀ ਦਿੱਤੀ ਕਿ ਉਹ ਆਪਣੀ ਦਹਿਸ਼ਤਗਰਦੀ ਨਾਲ ਕਮਿਊਨਿਸਟਾਂ ਦੀ ਆਵਾਜ਼ ਨੂੰ ਬੰਦ ਨਹੀਂ ਕਰ ਸਕਦੇ। ਪੰਜਾਬ ਮਸਲੇ ਤੇ ਉਹਨਾਂ ਨੇ ਸਿਆਸੀ ਹੱਲ ਲੱਭਣ ਉੱਤੇ ਜ਼ੋਰ ਦਿੱਤਾ। ਐਸਾ ਹੱਲ ਜਿਥੇ ਸਾਰੇ ਲੋਕ ਜੀਣ ਦਾ ਬੁਨਿਆਦੀ ਹੱਕ ਮਾਨਦੇ ਹੋਏ ਅਣਖ ਨਾਲ ਰਹਿ ਸਕਣ। ਨਿਰਭਿੰਦਰ ਸਿੰਘ ਸੂਬਾ ਕਮੇਟੀ ਮੈਂਬਰ ਇਨਕਲਾਬੀ ਕੇਂਦਰ ਨੇ ਉਹਨਾਂ ਚਣੌਤੀਆਂ ਉਤੇ ਚਾਨਣਾ ਪਾਇਆ, ਜੋ ਇਨਕਲਾਬੀ ਕੇਂਦਰ ਨੂੰ ਆਉਣ ਵਾਲੇ ਸਮੇਂ ਵਿਚ ਕਬੂਲ ਕਰਨੀਆਂ ਪੈਣੀਆਂ ਹਨ। ਗੁਰਸ਼ਰਨ ਸਿੰਘ ਕਨਵੀਨਰ ਇਨਕਲਾਬੀ ਕੇਂਦਰ ਨੇ ਇਨਕਲਾਬੀ ਸਿਆਸਤ ਅਤੇ ਬੁਰਜੂਆ ਸਿਆਸਤ ਦੇ ਅੰਤਰ ਨੂੰ ਦੱਸਦਿਆਂ ਹੋਇਆ ਇਸ ਸਿਆਸਤ ਨੂੰ ਅੱਗੇ ਲਿਜਾਣ ਵਾਸਤੇ ਲੋਕਾਂ ਦੇ ਸਹਿਯੋਗ ਦੀ ਮੰਗ ਕੀਤੀ ਅਤੇ ਨਾਲ ਹੀ ਇਹ ਦਾਅਵਾ ਦੁਹਰਾਇਆ ਕਿ ਇਨਕਲਾਬੀ ਸਿਆਸਤ ਹੀ ਦੱਬੇ ਕੁੱਚਲੇ ਲੋਕਾਂ ਲਈ ਮੁਕਤੀ ਦਾਤਾ ਸਾਬਤ ਹੋ ਸਕਦੀ ਹੈ। ਨਿਰਭੈ ਸਿੰਘ ਢੁਡੀਕੇ ਨੇ ਜਿਥੇ ਸਮਾਗਮ ਤੇ ਆਏ ਲੋਕਾਂ ਦਾ ਧੰਨਵਾਦ ਕੀਤਾ, ਉਥੇ ਇਕਨਲਾਬੀ ਸ਼ਕਤੀਆਂ ਦੇ ਏਕੇ ਲਈ ਜ਼ੋਰਦਾਰ ਅਪੀਲ ਕੀਤੀ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਸਾਥੀ ਜਗਮੋਹਨ ਢੁਡੀਕੇ ਨੇ ਨਿਭਾਈ ਜਿਸ ਨੇ ਨਾਲ ਨਾਲ ਦੋ ਦੋ ਸ਼ਬਦਾਂ ਵਿਚ ਚਲ ਰਹੇ ਪ੍ਰੋਗਰਾਮ ਦੀ ਵਿਆਖਿਆ ਕਰਦੇ ਹੋਏ ਪੰਡਾਲ ਦੇ ਜੋਸ਼ ਅਤੇ ਉਤਸ਼ਾਹ ਨੂੰ ਕਾਇਮ ਰੱਖਿਆ।

ਸਮਾਗਮ ਵਿਚ ਕਾਮਰੇਡ ਰਣਜੀਤ ਨੇ ਸੂਬਾ ਕਮੇਟੀ ਵਲੋਂ ਮਤੇ ਪੇਸ਼ ਕੀਤੇ ਜਿਨ੍ਹਾਂ ਰਾਹੀਂ ਸਮੂਹ ਕਮਿਊਨਿਸਟ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਨ ਕੀਤੀ ਗਈ ਅਤੇ ਕਾਤਲਾਂ ਦੀ ਬੁਜ਼ਦਿਲੀ ਉਤੇ ਲਾਅਨਤ ਪਾਈ ਗਈ ਜਿਨ੍ਹਾਂ ਨੇ ਔਰਤਾਂ ਅਤੇ ਬੱਚੇ ਬੱਚੀਆਂ ਨੂੰ ਵੀ ਆਪਣੀਆਂ ਗੈਰ ਇਨਸਾਨੀ ਹਰਕਤਾਂ ਦਾ ਸ਼ਿਕਾਰ ਬਣਾਇਆ। ਬੱਸਾਂ ਵਿਚ ਮਾਰੇ ਗਏ ਅਤੇ ਝੂਠੇ ਪੁਲਸ ਮੁਕਾਬਲਿਆਂ ਵਿਚ ਮਾਰੇ ਗਏ ਨਿਰਦੋਸ਼ ਲੋਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕੀਤੀ ਗਈ। ਸਰਕਾਰ ਵਲੋਂ ਕਿਸਾਨਾਂ ਨੂੰ ਦਿੱਤੀ ਜਾਣ ਵਾਲੀ ਰਾਹਤ ਵਿਚ ਹੇਰਾ-ਫੇਰੀਆਂ ਦੀ ਨਿਖੇਧੀ ਕੀਤੀ ਗਈ ਤੇ ਇਹ ਮੰਗ ਕੀਤੀ ਗਈ ਕਿ ਇਹ ਰਾਹਤ ਲੋਕਾਂ ਦੀਆਂ ਚੁਣੀਆਂ ਹੋਈਆਂ ਕਮੇਟੀਆਂ ਰਾਹੀਂ ਵੰਡੀ ਜਾਵੇ। ਜੋਧਪੁਰ ਦੇ

ਸਿਆਸੀ ਕੈਦੀਆਂ ਅਤੇ ਹੋਰ ਸਿਆਸੀ ਕੈਦੀਆਂ ਦੀ ਰਿਹਾਈ ਮੰਗਦੇ ਹੋਏ ਸਰਕਾਰ ਵਲੋਂ ਥਾਪੇ ਗਏ ਕਾਲੇ ਕਨੂੰਨਾਂ ਦੀ ਮਨਸੂਖੀ ਲਈ ਇਕ ਜ਼ੋਰਦਾਰ ਲਹਿਰ ਲਾਮਬੰਦ ਕਰਨ ਲਈ ਵੀ ਸੱਦਾ ਦਿੱਤਾ ਗਿਆ, ਇਨਕਲਾਬੀ ਸ਼ਕਤੀਆਂ ਦੀ ਏਕਤਾ ਨੂੰ ਸਮੇਂ ਦੀ ਲੋੜ ਦੱਸਦਿਆਂ ਹੋਇਆਂ ਉਹਨਾਂ ਨੂੰ ਘੱਟ ਤੋਂ ਘੱਟ ਮੰਗਾਂ ਲਈ ਇਕ ਪਲੇਟਫਾਰਮ ਤੇ ਇਕੱਠਾ ਹੋਣ ਦਾ ਸੱਦਾ ਦਿਤਾ ਗਿਆ। ਸਮਾਗਮ ਦੇ ਅੰਤ ਵਿਚ ਇਕ ਪ੍ਰਭਾਵਸ਼ਾਲੀ ਜਲੂਸ ਕੱਢਿਆ ਗਿਆ, ਜਿਸ ਵਿਚ ਔਰਤਾਂ ਦੀ ਵੱਡੀ ਗਿਣਤੀ ਵਿਚ ਸ਼ਮੂਲੀਅਤ ਸੀ। ਢੂਡੀਕੇ ਦੀ ਗਲੀਆਂ ਵਿਚ ਅਕਾਸ਼ ਗੁੰਜਾਊ ਨਾਅਰੇ ਲਗਾਂਦਾ ਹੋਇਆ ਇਹ ਜਲੂਸ ਢੂਡੀਕੇ ਦੇ ਬਸ ਸਟੈਂਡ ਤੇ ਖਤਮ ਹੋਇਆ। ਇਹ ਸਮਾਗਮ ਅਸਲ ਸ਼ਬਦਾਂ ਵਿਚ ਲਾਲ ਝੰਡੇ ਦੀ ਸਿਆਸਤ ਅਤੇ ਇਸ ਸਿਆਸਤ ਦੀ ਚੜ੍ਹਤ ਦਾ ਸਮਾਗਮ ਸੀ।

ਗੁਰਸ਼ਰਨ ਸਿੰਘ

## ਇਨਕਲਾਬੀ ਕੇਂਦਰ ਪੰਜਾਬ ਵਲੋਂ 13 ਜੂਨ 87 ਨੂੰ ਲੁਧਿਆਣਾ ਕਾਨਫਰੰਸ 'ਚ ਪਾਸ ਕੀਤੇ ਗਏ ਮਤੇ

**ਮਤਾ ਨੰ: ਇਕ** : ਇਨਕਲਾਬੀ ਕੇਂਦਰ ਪੰਜਾਬ ਪੰਜਾਬ ਵਿਚ ਮੜ੍ਹੇ ਗਏ ਗਵਰਨਰੀ ਰਾਜ ਦੀ ਸਖ਼ਤ ਨਿਖੇਧੀ ਕਰਦਾ ਹੈ ਅਤੇ ਸਮਝਦਾ ਹੈ ਕਿ ਕੇਂਦਰੀ ਹਕੂਮਤ ਪੰਜਾਬ ਦੇ ਮਸਲੇ ਦਾ ਸਿਆਸੀ ਤੇ ਜਮਹੂਰੀ ਹੱਲ ਕਰਨ ਦੀ ਥਾਂ ਸਿਰਫ ਪ੍ਰਬੰਧਕੀ ਹੱਲ ਤੇ ਹੀ ਟੇਕ ਰੱਖ ਰਹੀ ਹੈ। ਜਿਸ ਦਹਿਸ਼ਤਵਾਦ ਨੂੰ ਕਾਂਗਰਸੀ ਹਕੂਮਤ ਨੇ ਪ ਲਿਆ ਉਸਨੂੰ ਕੁਚੱਲਣ ਦੇ ਨਾਂ ਹੇਠ ਦਰਜਨ ਤੋਂ ਵਧ ਕਾਲੇ ਕਾਨੂੰਨ ਲਾਕੇ ਆਪਣੇ ਹੀ ਅਖੌਤੀ ਜਮਹੂਰੀ ਪ੍ਰਬੰਧ ਦਾ ਜਲੂਸ ਕੱਢ ਲਿਆ ਹੈ। ਦਰਅਸਲ ਜਿਵੇਂ ਜਿਵੇਂ ਹਕੂਮਤ ਦਾ ਥੋਥਾਪਨ ਨੰਗਾ ਹੁੰਦਾ ਜਾ ਰਿਹਾ ਹੈ। ਉਵੇਂ ਉਵੇਂ ਹਕੂਮਤ ਨੂੰ ਵੀ ਆਪਣੇ ਹੱਥੀ ਸਾਜੀ ਜਮਹੂਰੀਅਤ ਨੂੰ ਜ਼ਿਬਾਹ ਕਰਨਾ ਪੈ ਰਿਹਾ ਹੈ। ਅਤੇ ਇਹ ਲੋਕਾਂ ਉਤੇ ਲੁਟੇਰੀ ਜਮਾਤ ਦੀ ਤਾਨਾਸ਼ਾਹੀ ਦੇ ਰੂਪ 'ਚ ਵੱਧ ਉਜਾਗਰ ਹੋ ਰਹੀ ਹੈ।

ਪੰਜਾਬ ਵਿਚ ਅਮਨ ਕਾਨੂੰਨ ਦੇ ਨਾਂ ਹੇਠ ਮੜ੍ਹਿਆ ਗਿਆ ਰਾਸ਼ਟਰਪਤੀ ਰਾਜ ਆਮ ਲੋਕਾਂ ਉਤੇ ਬੂਟਾਂ ਅਤੇ ਸੰਗੀਨਾਂ ਦੀ ਛਾਪ ਪਾ ਰਿਹਾ ਹੈ। ਪੁਲੀਸ ਨੂੰ ਦਿੱਤੇ ਗਏ ਅਥਾਹ ਅਧਿਕਾਰਾਂ ਦੇ ਸਿੱਟੇ ਵਜੋਂ ਸਮੁੱਚਾ ਸਿਵਲ ਪ੍ਰਸ਼ਾਸਨ ਪੁਲੀਸ ਮੂਹਰੇ ਨਿਮਾਣਾ ਅਤੇ ਨਿਤਾਣਾ ਮਹਿਸੂਸ ਕਰ ਰਿਹਾ ਹੈ ਅਤੇ ਦੂਜੇ ਪਾਸੇ ਪੁਲੀਸ, ਬੀ. ਐਸ. ਐਫ, ਸੀ.ਆਰ.ਪੀ. ਐਫ, ਆਮ ਲੋਕਾਂ ਉਤੇ ਹਕੂਮਤੀ ਛੜੀ ਦਾ ਕੱਟਕ ਚਾੜ੍ਹ ਰਹੀ ਹੈ। ਬੇਗੁਨਾਹ ਲੋਕਾਂ ਨੂੰ ਤੰਗ ਕਰਨਾ, ਬਿਨਾਂ ਮੁਕੱਦਮੇ ਜੇਲ੍ਹਾਂ 'ਚ ਸੁੱਟਣਾ ਤਾਂ ਆਮ ਗੱਲ ਹੋ ਗਈ ਹੈ। ਸਗੋਂ ਹਰ ਰੋਜ਼ "ਪੁਲੀਸ ਮੁਕਾਬਲੇ" ਹੇਠ ਹਕੂਮਤ ਦੇ ਖੂਨੀ ਦੰਦਾਂ 'ਚੋਂ ਲਹੂ ਕਿਰਦਾ ਹੈ। ਅਸਲੀਅਤ ਇਹ ਹੈ ਕਿ ਇਹ ਹਿਟਲਰੀ ਰਿਬੇਰੋ ਮਾਰਕਾ ਤਾਨਾਸ਼ਾਹੀ ਹੈ।

ਇਨਕਲਾਬੀ ਕੇਂਦਰ ਸਮਝਦਾ ਹੈ, ਕਿ ਖਾਲਿਸਤਾਨੀ ਦਹਿਸ਼ਤਗਰਦਾਂ ਨੂੰ ਕੁੱਚਲਣ ਦੇ ਨਾਂ ਹੇਠ ਤੇਜ਼ ਕੀਤਾ ਗਿਆ ਜਬਰ ਤਸ਼ਦਦ ਉਲਟਾ ਖਾਲਿਸਤਾਨੀ ਦਹਿਸ਼ਤਗਰਦਾਂ ਦੇ ਹੋਰ ਵੱਧਣ ਫੁੱਲਣ ਲਈ ਭੋਇ ਹੀ ਤਿਆਰ ਕਰੇਗਾ। ਕੇਂਦਰ ਪੰਜਾਬ 'ਚ ਮੜ੍ਹੇ ਗਏ ਰਿਬੇਰੋ ਮਾਰਕਾ ਰਾਜ ਦੀ ਸਖਤ ਨਿਖੇਧੀ ਕਰਦਾ ਹੈ। ਅਤੇ ਪੰਜਾਬ ਦੀ ਸਮੱਸਿਆ ਦੇ ਜਮਹੂਰੀ ਅਤੇ ਸਿਆਸੀ ਹੱਲ ਦੀ ਮੰਗ ਕਰਦਾ, ਫੌਰੀ ਰਾਸ਼ਟਰਪਤੀ ਰਾਜ ਵਾਪਸ ਲੈਣ ਦੀ ਮੰਗ ਵੀ ਕਰਦਾ ਹੈ ਅਤੇ ਲੋਕਾਂ ਨੂੰ ਇਸ ਖ਼ਿਲਾਫ ਲਾਮਬੰਦ ਹੋਣ ਅਤੇ ਆਵਾਜ਼ ਉਠਾਉਣ ਦਾ ਸੱਦਾ ਦਿੰਦਾ ਹੈ।

**ਮਤਾ ਨੰ: ਦੋ** : ਇਨਕਲਾਬੀ ਕੇਂਦਰ ਪੰਜਾਬ ਇਰਾੜੀ ਕਮਿਸ਼ਨ ਵਲੋਂ ਪਾਣੀਆਂ ਦੀ ਵੰਡ ਦੇ ਦਿੱਤੇ ਫ਼ੈਸਲੇ ਨੂੰ ਬੇਤੁੱਕਾ ਅਤੇ ਗਲਤ ਸਮਝਦਾ ਹੈ। ਇਰਾੜੀ ਕਮਿਸ਼ਨ ਨੇ ਮਸਲੇ ਨੂੰ ਹੱਲ ਕਰਨ ਦੀ ਥਾਂ ਹੋਰ ਗੰਧਲਾਇਆ ਹੈ। ਪਹਿਲੇ ਕਮਿਸ਼ਨਾਂ ਵਾਂਗ ਹੀ ਤਿੰਨਾਂ ਰਾਜਾਂ (ਹਰਿਆਣਾ-ਪੰਜਾਬ-ਰਾਜਿਸਥਾਨ) ਦੀ ਪਾਣੀ ਦੀ ਸਮੱਸਿਆ ਹੱਲ ਕਰਨ ਦੀ ਥਾਂ ਹਰਿਆਣੇ ਅਤੇ ਪੰਜਾਬ ਦੇ ਲੋਕਾਂ ਨੂੰ ਛੁਣਛੁਣਾ ਹੀ ਦਿਖਾਇਆ ਹੈ। ਜਿਵੇਂ ਕਿ ਰੋਂਦੇ ਬੱਚੇ ਨੂੰ ਵਰਚ੍ਹਾਉਣਾ ਹੋਵੇ। ਜਿੰਨੇ ਪਾਣੀਆਂ ਦੀ ਵੰਡ ਕੀਤੀ ਗਈ ਹੈ ਐਨਾ ਪਾਣੀ ਤਾਂ ਕਈ ਸਾਲ ਦਰਿਆਵਾਂ ਵਿਚ ਪੂਰਾ ਨਹੀਂ ਹੋ ਸਕਦਾ। ਕੇਂਦਰ ਸਮਝਦਾ ਹੈ ਇਰਾੜੀ ਕਮਿਸ਼ਨ ਦਾ ਫੈਸਲਾ ਦਰਅਸਲ ਹਰਿਆਣਾ ਚੋਣਾਂ ਮੌਕੇ ਕਾਂਗਰਸ ਦੀ ਸਿਆਸੀ ਲੋੜ ਚੋਂ ਨਿਕਲਿਆ ਹੈ। ਇਹ ਹਰਿਆਣੇ ਦੇ ਲੋਕਾਂ ਨਾਲ ਧੋਖਾ ਸੀ ਤੇ ਪੰਜਾਬ ਦੇ ਲੋਕਾਂ ਨਾਲ ਜਾਲਸਾਜ਼ੀ ਹੈ। ਅਸੀਂ ਇਹ ਫੈਸਲਾ ਰੱਦ ਕਰਵਾਉਣ ਲਈ ਪੰਜਾਬ ਅਤੇ ਹਰਿਆਣੇ ਦੇ ਲੋਕਾਂ ਨੂੰ ਆਵਾਜ਼ ਉਠਾਉਣ ਦੀ ਅਪੀਲ ਕਰਦੇ ਹਾਂ।

**ਮਤਾ ਨੰ: ਤਿਨ** : ਇਨਕਲਾਬੀ ਕੇਂਦਰ ਪੰਜਾਬ ਪਿਛਲੇ ਦਿਨੀਂ ਕੁਦਰਤੀ ਕਰੋਪੀ ਦੌਰਾਨ ਪੰਜਾਬ ਦੇ ਕਿਸਾਨਾਂ ਦੀ ਨਸ਼ਟ ਹੋਈ ਫਸਲ ਉਤੇ ਪੰਜਾਬ ਸਰਕਾਰ ਵਲੋਂ ਐਲਾਨੇ ਮੁਆਵਜ਼ੇ ਨੂੰ ਕਿਸਾਨਾਂ ਨਾਲ ਇਕ ਮਜ਼ਾਕ ਸਮਝਦਾ ਹੈ। ਪਹਿਲਾਂ ਹੀ ਕਰਜ਼ੇ ਹੇਠ ਨਪੀੜੀ ਕਿਸਾਨੀ ਦਾ ਕਰੋੜਾਂ ਰੁਪੈ ਦਾ ਨੁਕਸਾਨ ਹੋ ਗਿਆ, ਪਰ ਸਰਕਾਰ ਨੇ ਸਿਰਫ 700 ਰੁਪੈ ਦੀ ਤੁੱਛ ਜਿਹੀ ਸਹਾਇਤਾ ਦੇ ਕੇ ਕਿਸਾਨਾਂ ਦਾ ਮਖੌਲ ਉਡਾਇਆ ਹੈ। ਹਕੂਮਤ ਵਲੋਂ ਐਲਾਨੀ ਰਕਮ ਤੋਂ ਘੱਟ ਮੁਆਵਜ਼ੇ ਦੀ ਰਕਮ ਦਿੱਤੀ ਜਾ ਰਹੀ।

Rged. with the Register News papersVide No. MA/12397-D dated 18 4 80
Post Office No. P/AR—133

ਦੂਜੇ ਪਾਸੇ ਭਿੱਜੀ ਹੋਈ ਕਣਕ ਨੂੰ ਮੰਡੀਆਂ ਵਿਚ ਕੋਈ ਏਜੰਸੀ ਖ੍ਰੀਦ ਨਹੀਂ ਰਹੀ। ਜੋ ਸਰਕਾਰ ਕਿਸਾਨਾਂ ਸਿਰੋਂ ਖਰਬਾਂ ਰੁਪੈ ਬਟੋਰਦੀ ਹੈ ਨੇ ਕਿਸਾਨਾਂ ਸਿਰ ਪਈ ਆਫਤ ਮੌਕੇ ਕਿਸਾਨਾਂ ਦੀ ਬਾਂਹ ਵੀ ਨਹੀਂ ਫੜੀ। ਅਸੀਂ ਹਕੂਮਤ ਦੇ ਇਸ ਕਿਸਾਨ ਮਾਰੂ ਰਵੱਈਏ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦੇ ਹਾਂ ਅਤੇ ਮੰਗ ਕਰਦੇ ਹਾਂ ਕਿ ਮੰਡੀਆਂ 'ਚ ਰੁਲ ਰਹੀ ਕਣਕ ਨੂੰ ਸਰਕਾਰ ਫੌਰੀ ਤੌਰ ਤੇ ਖ੍ਰੀਦੇ। ਗਰੀਬ ਕਿਸਾਨੀ ਦੇ ਕਰਜ਼ੇ ਮੁਆਫ਼ ਕੀਤੇ ਜਾਣ, ਮੰਡੀਆਂ ਵਿਚ ਕੰਮ ਕਰਨ ਵਾਲੇ ਕਿਸਾਨਾਂ ਨੂੰ ਯੋਗ ਮੁਆਵਜ਼ਾ ਦਿੱਤਾ ਜਾਵੇ।

**ਮਤਾ ਨੰ: ਚਾਰ** : ਨੀਲਾ ਤਾਰਾ ਕਾਰਵਾਈ ਪਿਛੋਂ ਹੁਣ ਤੱਕ ਜੇਲ੍ਹਾਂ ਵਿਚ ਬੰਦ ਕੀਤੇ ਸਾਰੇ ਬੇਗੁਨਾਹ ਲੋਕਾਂ ਨੂੰ ਫੌਰਨ ਰਿਹਾ ਕੀਤਾ ਜਾਵੇ ਅਤੇ ਦੋਸ਼ੀਆਂ ਉਤੇ ਫੌਰੀ ਮੁਕੱਦਮੇ ਚਲਾਏ ਜਾਣ। ਕੇਂਦਰੀ ਹਕੂਮਤ ਵਲੋਂ ਸੈਂਕੜੇ ਲੋਕਾਂ ਨੂੰ ਜੇਲ੍ਹਾਂ 'ਚ ਬਿਨਾਂ ਮੁਕੱਦਮੇ ਬੰਦ ਰੱਖਣਾ 'ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ' ਅਖਵਾਈ ਜਾਣ ਵਾਲੇ ਦੇਸ਼ ਦੀ ਜਮਹੂਰੀਅਤ ਦਾ ਕਰੂਰ ਚਿਹਰਾ ਨਹੀਂ ਤਾਂ ਹੋਰ ਕੀ ਹੈ।

o ਅਸੀਂ ਨਵੰਬਰ 84 ਦੌਰਾਨ ਦਿੱਲੀ ਅਤੇ ਦੇਸ਼ ਹੋਰ ਸ਼ਹਿਰਾਂ ਵਿਚ ਸਿਖਾਂ ਦੇ ਹੋਏ ਕਤਲੇਆਮ ਦੇ ਦੋਸ਼ੀਆਂ ਸਰਕਾਰੀ ਅਧਿਕਾਰੀਆਂ ਅਤੇ ਸਿਆਸੀ ਲੀਡਰਾਂ ਨੂੰ ਸਜ਼ਾਵਾਂ ਦੇਣ ਦੀ ਮੰਗ ਕਰਦੇ ਹਾਂ।

o ਅਸੀਂ ਧਾਰਮਕ ਭਾਵਨਾਵਾਂ ਹੇਠ ਫੌਜ 'ਚੋਂ ਭਗੌੜੇ ਹੋਏ ਫੌਜੀਆਂ ਨੂੰ ਬਿਨਾਂ ਸ਼ਰਤ ਨੌਕਰੀਆਂ ਤੇ ਬਹਾਲ ਕਰਨ ਦੀ ਮੰਗ ਕਰਦੇ ਹਾਂ।

o ਭਾਸ਼ਾਈ, ਪਾਣੀਆਂ, ਅਤੇ ਇਲਾਕਿਆਂ ਦੀ ਵੰਡ ਦੇ ਮਸਲਿਆਂ ਨੂੰ ਜਮਹੂਰੀ ਢੰਗ ਨਾਲ ਹੱਲ ਕਰਨ ਦੀ ਮੰਗ ਕਰਦੇ ਹਾਂ।

**ਮਤਾ ਨੰ: ਪੰਜ**: ਇਨਕਲਾਬੀ ਕੇਂਦਰ ਪੰਜਾਬ ਪਿਛਲੇ ਲੰਮੇਂ ਸਮੇਂ ਤੋਂ ਮੇਰਠ ਅਤੇ ਯੂ. ਪੀ. ਦੇ ਹੋਰਨਾਂ ਭਾਗਾਂ ਵਿਚ ਹਿੰਦੂ ਮੁਸਲਮ ਫਸਾਦਾਂ ਉਤੇ ਡੂੰਘੀ ਚਿੰਤਾ ਦਾ ਪ੍ਰਗਟਾਅ ਕਰਦਾ ਹੈ ਅਤੇ ਸਮਝਦਾ ਹੈ ਕਿ ਭਾਰਤੀ ਲੁਟੇਰੀ ਹਕੂਮਤ ਆਪਣੇ ਖੋਟੇ ਲੋਕ ਦੋਖੀ ਮਨਸ਼ਿਆਂ ਨੂੰ ਪੂਰਾ ਕਰਨ 'ਚ ਕਾਮਯਾਬ ਹੋ ਗਈ ਹੈ। ਭਾਰਤੀ ਹੁਕਮਰਾਨ ਜਮਾਤਾਂ ਸੈਕੂਲਰਇਜ਼ਮ ਦੇ ਪੜਦੇ ਹੇਠਾਂ ਫ਼ਿਰਕੂ ਨਫ਼ਰਤ ਦੇ ਐਸੇ ਬੀਜ ਬੀਜ ਰਹੀਆਂ ਹਨ ਕਿ ਲੋਕ ਆਪਣੇ ਅਸਲੀ ਦੁਸ਼ਮਣ ਦੀ ਪਛਾਣ ਕਰਨ ਦੀ ਥਾਂ ਫਿਰਕੂ ਜਨੂੰਨ ਹੇਠ ਇਕ ਦੂਜੇ ਦੇ ਦੁਸ਼ਮਣ ਬਣ ਬੈਠੇ ਹਨ। ਹਿੰਦੂ ਮੁਸਲਮ ਫਸਾਦ ਜੋ ਪਿਛਲੇ ਦਿਨੀਂ ਦਿੱਲੀ ਮੇਰਠ ਤੇ ਹੋਰ ਥਾਈਂ ਹੋਏ ਇਕ ਯੋਜਨਾ ਬੱਧ ਸਿਆਸਤ ਦਾ ਹਿੱਸਾ ਸਨ। ਅਜੇ ਵੀ ਦੇਸ਼ ਵਿਚ ਫੈਲ ਰਹੇ ਜਨੂੰਨ ਦੇ ਇਹ ਬੱਦਲ ਛੇਤੀ ਕੀਤੇ ਜਾਣ ਵਾਲੇ ਨਹੀਂ। ਅਸੀਂ ਦੇਸ਼ ਭਰ ਦੇ ਜਮਹੂਰੀ ਅਤੇ ਇਨਕਲਾਬੀ ਲੋਕਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਦੇਸ਼ ਵਿਚ ਵਧ ਰਹੇ ਫਿਰਕੂਪਨ ਅਤੇ ਰਾਜਨੀਤੀ ਵਿਚ ਪੈਰ ਜਮਾ ਰਹੀ ਫਿਰਕਾਪ੍ਰਸਤੀ ਖਿਲਾਫ ਆਵਾਜ਼ ਉਠਾਉਣ ਅਤੇ ਲੋਕਾਂ ਦੇ ਗੁੱਸੇ ਤੇ ਨਫ਼ਰਤ ਦੀ ਧਾਰ ਸਹੀ ਦੁਸ਼ਮਣ ਵੱਲ ਸੇਧਤ ਕਰਨ ਲਈ ਅੱਗੇ ਆਉਣ।

**ਮਤਾ ਨੰ: ਛੇ** —ਇਨਕਲਾਬੀ ਕੇਂਦਰ ਪੰਜਾਬ, ਭਾਰਤੀ ਹਕੂਮਤ ਵਲੋਂ ਸ੍ਰੀ ਲੰਕਾ ਵਿਚ ਤਾਮਿਲਾਂ ਨੂੰ ਰਾਹਤ ਪਹੁੰਚਾਉਣ ਦੀ ਕਾਰਵਾਈ ਦੀ ਸਖ਼ਤ ਨਿਖੇਧੀ ਕਰਦਾ ਹੈ, ਅਤੇ ਸਮਝਦਾ ਹੈ ਕਿ ਦਰਅਸਲ ਭਾਰਤ ਜੋ ਪਸਾਰਵਾਦੀ ਰੁੱਚੀ ਰੱਖਦਾ ਹੈ। ਅਤੇ ਆਪਣੇ ਗਵਾਂਢੀ ਮੁਲਕਾਂ ਉਤੇ ਆਪਣੀ ਤਾਕਤ ਦੀ ਧੌਂਸ ਜਮਾਉਣਾ ਚਾਹੁੰਦਾ ਹੈ। ਕੇਂਦਰ ਸਮਝਦਾ ਹੈ ਕਿ ਸ੍ਰੀ ਲੰਕਾ ਵਿਚ ਨਸਲੀ ਸਮੱਸਿਆ ਵੀ ਸ੍ਰੀ ਲੰਕਾ ਦੀ ਹੁਕਮਰਾਨ ਜਮਾਤ ਦੀ ਸਿਆਸੀ ਗਰਜ਼ 'ਚੋਂ ਨਿਕਲੀ ਹੈ ਜਿਸ ਨੂੰ ਭਾਰਤੀ ਸਿਆਸਤਦਾਨ ਲਗਾਤਾਰ ਸ਼ਹਿ ਦਿੰਦੇ ਆ ਰਹੇ ਹਨ। ਜਾਫਨਾ ਵਿਚ ਕੀਤਾ ਗਿਆ ਸ੍ਰੀ ਲੰਕਾ ਦੀ ਹਕੂਮਤ ਵਲੋਂ ਫੌਜ ਰਾਹੀਂ ਕਤਲੇਆਮ ਨਿੰਦਣਯੋਗ ਹੈ। ਪਰ ਭਾਰਤੀ ਹੁਕਮਰਾਨਾਂ ਵਲੋਂ ਸਿੰਹਾਲੀ ਫੌਜਾਂ ਵਲੋਂ ਘੇਰੇ ਤਾਮਿਲਾਂ ਨੂੰ ਰਾਹਤ ਪਹੁੰਚਾਉਣ ਦੀ ਕਾਰਵਾਈ ਵੀ ਕਿਸੇ ਦੇਸ਼ ਦੀ ਪ੍ਰਭੂਸੱਤਾ ਤੇ ਸਿਧਮ ਸਿੱਧਾ ਦਖ਼ਲ ਬਣਦਾ ਹੈ। ਇਨਕਲਾਬੀ ਕੇਂਦਰ ਇਸ ਕਾਰਵਾਈ ਦੀ ਸਖ਼ਤ ਨਿਖੇਧੀ ਕਰਦਾ ਹੈ।

**ਮਤਾ ਨੰ: ਸੱਤ** : ਇਨਕਲਾਬੀ ਕੇਂਦਰ ਦਖਣੀ ਅਫਰੀਕਾ ਵਿਚ ਗੋਰੀ ਹਕੂਮਤ ਵਲੋਂ ਨਸਲੀ ਸਮੱਸਿਆ ਪ੍ਰਤੀ ਅਪਣਾਈ ਜਾਬਰ ਨੀਤੀ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਾ ਹੈ। ਅਤੇ ਕਾਲੇ ਲੋਕਾਂ ਦੇ ਹੱਕੀ ਘੋਲ ਦੀ ਡੱਟਵੀਂ ਹਮਾਇਤ ਕਰਦਾ ਹੈ।

o ਕੇਂਦਰ ਪੀਰੂ ਦੇ ਇਨਕਲਾਬੀਆਂ ਵਲੋਂ ਲੜੇ ਜਾ ਰਹੇ ਪਿਛਾਖੜੀ ਹਕੂਮਤ ਖਿਲਾਫ ਹਥਿਆਰਬੰਦ ਘੋਲ ਦੀ ਡੱਟਵੀਂ ਹਮਾਇਤ ਕਰਦਾ ਹੈ।

o ਕੇਂਦਰ ਫਿਲਪਾਈਨ ਦੇ ਲੋਕਾਂ ਵਲੋਂ ਜਾਬਰ ਹਕੂਮਤ ਦਾ ਤਖਤਾ ਪਲਟਨ ਲਈ ਵਿੱਢੇ ਘੋਲ ਦੀ ਪੁਰਜ਼ੋਰ ਹਮਾਇਤ ਕਰਦਾ ਹੈ।

ਜਾਰੀ ਕਰਤਾ : ਗੁਰਸ਼ਰਨ ਸਿੰਘ ਕਨਵੀਨਰ
ਇਨਕਲਾਬੀ ਕੇਂਦਰ ਪੰਜਾਬ

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ ਕੈਲਾਸ਼ ਕੌਰ-ਗੁਰਸ਼ਰਨ ਸਿੰਘ ਨੇ ਛਪਵਾਇਆ ਤੇ ਪ੍ਰਕਾਸ਼ਤ ਕੀਤਾ ਅਤੇ ਛਪਾਈ ਹਰਮੁਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਵਿਚ ਹੋਈ। ਪ੍ਰਬੰਧਕੀ ਸਿਰਨਾਵਾਂ: ਗੁਰੂ ਖਾਲਸਾ ਨਿਵਾਸ ਡਾ: ਖਾਲਸਾ ਕਾਲਜ, ਅੰਮ੍ਰਿਤਸਰ-143002 : ਸਾਲਾਨਾ ਚੰਦਾ: 15 ਰੁ: ਵਿਦੇਸ਼ ਹਵਾਈ ਡਾਕ ਰਾਹੀਂ 120 ਰੁ: